# ਪੰਜਾਬੀ ਪੁਸਤਕ-4

## ਚੌਥੀ ਸ਼੍ਰੇਣੀ

**ਪਹਿਲੀ ਭਾਸ਼ਾ**

P2U3U5


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ 2021 ................ 2,06,700 ਕਾਪੀਆਂ

All rights, including those of translation, reproduction
and annotation etc., are reserved by
the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 58/-**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ ਮੈਸ : **ਕੋਸਮਿਕ ਪ੍ਰਿੰਟਰਜ਼, ਜਲੰਧਰ** ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਚੌਥੀ ਸ਼੍ਰੇਣੀ (ਪਹਿਲੀ-ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਆਦਿ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਾਜਿੰਦਰ ਚੌਹਾਨ ਦੁਆਰਾ, ਡਾਇਰੈਕਟਰ ਅਕਾਦਮਿਕ, ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਅਤੇ ਅਧਿਆਪਕਾਂ, ਵਿਸ਼ੇਸ਼ ਕਰ ਕੇ ਸ. ਰਣਬੀਰ ਸਿੰਘ ਵਿਸ਼ਾ-ਮਾਹਰ- ਐੱਸ.ਸੀ.ਈ.ਆਰ.ਟੀ, ਸ. ਰਣਜੀਤ ਸਿੰਘ ਮਾਨ, ਸ. ਦਲਜੀਤ ਸਿੰਘ ਚੁੱਘੇ ਕਲਾਂ, ਸ. ਜਸਵਿੰਦਰ ਸਿੰਘ ਜਲਾਲ, ਸ. ਮਨਦੀਪ ਸਿੰਘ ਬਠਿੰਡਾ ਅਤੇ ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸੁਆਗਤ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਵਿਅਕਤੀਗਤ ਅਤੇ ਸਮੂਹਿਕ ਰੂਪ ਵਿੱਚ ਕਾਰਜ ਕਰਨ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਉਹਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂਕਿ**

- ਵਿਦਿਆਰਥੀ ਆਪਣੇ ਪਾਠ-ਕ੍ਰਮ ਦੀਆਂ ਕਿਤਾਬਾਂ, ਅਖ਼ਬਾਰ, ਬਾਲ-ਰਿਸਾਲੇ, ਇਸ਼ਤਿਹਾਰ ਆਦਿ ਵਿੱਚੋਂ ਸਰਲ ਕਵਿਤਾਵਾਂ, ਕਹਾਣੀਆਂ ਆਦਿ ਪੜ੍ਹਨ ਦੇ ਯੋਗ ਹੋ ਸਕੇ।
- ਵਿਦਿਆਰਥੀ ਚਿੱਠੀ-ਪੱਤਰ, ਬਿਨੈ-ਪੱਤਰ ਆਦਿ ਪੜ੍ਹ ਸਕੇ।
- ਉਸ ਅੰਦਰ ਵਿਸਰਾਮ-ਚਿੰਨ੍ਹਾਂ ਅਨੁਸਾਰ ਸਹੀ ਉਚਾਰਨ ਅਤੇ ਲਹਿਜੇ ਬਾਰੇ ਸਮਝ ਦਾ ਵਿਕਾਸ ਹੋਵੇ। ਉਹ ਉਚਿਤ ਗਤੀ ਸਹਿਤ ਉੱਚੀ ਅਤੇ ਮੌਨ ਤਰੀਕਿਆਂ ਨਾਲ਼ ਪੜ੍ਹ ਸਕੇ।
- ਵਿਦਿਆਰਥੀ ਨੂੰ ਰੋਚਕ ਵਿਧੀਆਂ ਅਤੇ ਸਰਲ ਕਿਰਿਆਵਾਂ ਜਿਵੇਂ ਪੂਰੇ ਹਾਵ-ਭਾਵ ਨਾਲ਼ ਕਹਾਣੀ ਸੁਣਾਉਣਾ ਆਦਿ ਰਾਹੀਂ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਅਧਿਆਪਕ ਜਾਂ ਸਹਿਪਾਠੀਆਂ ਦੁਆਰਾ ਪੜ੍ਹੇ ਗਏ ਪਾਠ ਜਾਂ ਪਾਠ-ਅੰਸ਼ ਨੂੰ ਸਮਝ ਸਕੇ। ਉਹ ਰੇਡੀਓ ਜਾਂ ਟੈਲੀਵੀਜ਼ਨ ਤੋਂ ਸੁਣੀ ਹੋਈ ਕਵਿਤਾ, ਕਹਾਣੀ ਜਾਂ ਵਿਅੰਗ ਆਦਿ ਦੇ ਭਾਵ ਨੂੰ ਸਮਝ ਸਕੇ।
- ਵਿਦਿਆਰਥੀ ਨੂੰ ਅਭਿਆਸ ਦੇ ਵੱਖ-ਵੱਖ ਸਰਲ ਢੰਗਾਂ ਰਾਹੀਂ ਅਤੇ ਬਾਲ-ਸਾਹਿਤ ਮੁਹੱਈਆ ਕਰਵਾ ਕੇ ਅਜਿਹੇ ਮੌਕੇ ਦਿੱਤੇ ਜਾਣ ਕਿ ਉਹ ਪੱਧਰ ਅਨੁਸਾਰ ਪਾਠ-ਕ੍ਰਮ ਦੀਆਂ ਪੁਸਤਕਾਂ, ਬਾਲ-ਸਾਹਿਤ, ਅਖ਼ਬਾਰ, ਇਸ਼ਤਿਹਾਰ ਆਦਿ ਵਿੱਚੋਂ ਖ਼ੁਦ ਪੜ੍ਹੀ ਸਰਲ ਕਵਿਤਾ, ਕਹਾਣੀ, ਲੇਖ, ਪੱਤਰ, ਖ਼ਬਰ ਆਦਿ ਦੇ ਅੰਦਰਲੇ ਭਾਵ ਨੂੰ ਗ੍ਰਹਿਣ ਕਰ ਸਕੇ।
- ਵਿਦਿਆਰਥੀ ਪਾਠ-ਪੁਸਤਕ ਵਿਚਲੇ ਸਰਲ ਪ੍ਰਸ਼ਨਾਂ ਦੇ ਜ਼ਬਾਨੀ ਉੱਤਰ ਦੇ ਸਕੇ। ਅਜਿਹੀਆਂ ਗਤੀਵਿਧੀਆਂ ਅਤੇ ਮੌਕੇ ਪੈਦਾ ਕੀਤੇ ਜਾਣ ਕਿ ਵਿਦਿਆਰਥੀ ਪੜ੍ਹੀ ਜਾਂ ਸੁਣੀ ਹੋਈ ਕਹਾਣੀ ਜਾਂ ਘਟਨਾ ਨੂੰ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ। ਉਹ ਸਹਿਪਾਠੀਆਂ ਜਾਂ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।
- ਵਿਦਿਆਰਥੀ ਨੂੰ ਪ੍ਰੇਰਨਾ ਦੇਣ ਲਈ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਕਹਾਣੀ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ਅਤੇ ਕਿਸੇ ਵਿਸ਼ੇ 'ਤੇ ਆਪਣੇ ਵਿਚਾਰ ਪ੍ਰਗਟਾ ਸਕੇ।
- ਵਿਦਿਆਰਥੀ ਪਾਠ-ਪੁਸਤਕ ਵਿਚਲੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ, ਉਹ ਢੁਕਵੇਂ ਸ਼ਬਦਾਂ ਨੂੰ ਚੁਣ ਕੇ ਵਾਕਾਂ ਵਿੱਚ ਦਿੱਤੇ ਗਏ ਖ਼ਾਲੀ ਸਥਾਨਾਂ ਨੂੰ ਭਰ ਸਕੇ। ਲੁੜੀਂਦੇ ਅਭਿਆਸ ਨਾਲ਼ ਉਹ ਸ਼ਬਦਾਂ, ਵਾਕਾਂ, ਪੈਰਿਆਂ ਨੂੰ ਸ਼ੁੱਧ ਰੂਪ ਵਿੱਚ ਲਿਖ ਕੇ ਪ੍ਰਗਟਾ ਸਕੇ। ਉਹ ਸ਼ਬਦਾਂ ਨੂੰ ਵਾਕਾਂ ਵਿੱਚ ਵਰਤ ਸਕੇ ਅਤੇ ਆਪਣੀ ਲੋੜ ਮੁਤਾਬਕ ਕੋਈ ਵੀ ਚੀਜ਼ ਨੋਟ ਕਰ ਸਕੇ।
- ਅਜਿਹੀਆਂ ਕਿਰਿਆਵਾਂ ਦੀ ਰਚਨਾ ਕੀਤੀ ਜਾਵੇ ਕਿ ਵਿਦਿਆਰਥੀ ਆਪਣੇ ਪੱਧਰ ਅਤੇ ਅਨੁਭਵ

ਅਨੁਸਾਰ ਕਿਸੇ ਵਿਸ਼ੇ, ਜਿਵੇਂ: ਮੇਰੀ ਕਿਤਾਬ, ਸਾਡਾ ਪਿੰਡ/ਸ਼ਹਿਰ, ਦਿਵਾਲ਼ੀ, ਕਿਸੇ ਰੁੱਤ ਆਦਿ ਵਿਸ਼ੇ 'ਤੇ ਲੇਖ ਲਿਖ ਸਕੇ।

- ਵਿਦਿਆਰਥੀ ਬਿਨੈ-ਪੱਤਰ ਜਿਵੇਂ : ਜ਼ਰੂਰੀ ਕੰਮ ਲਈ ਛੁੱਟੀ, ਬਿਮਾਰੀ ਲਈ ਛੁੱਟੀ, ਵਿਆਹ 'ਤੇ ਜਾਣ ਲਈ ਛੁੱਟੀ ਅਤੇ ਲਾਊਡਸਪੀਕਰ ਦੀ ਅਵਾਜ਼ ਘੱਟ ਕਰਵਾਉਣ ਲਈ ਅਰਜ਼ੀ ਲਿਖ ਸਕੇ।
- ਇਸ ਦੇ ਨਾਲ਼ ਹੀ ਲਿੰਗ, ਵਚਨ, ਸ਼ਬਦ-ਜੋੜ, ਵਿਸਰਾਮ-ਚਿੰਨ੍ਹ, ਮੁਹਾਵਰੇ ਆਦਿ ਦੀ ਵਰਤੋਂ ਦਾ ਅਭਿਆਸ ਕਰਾਇਆ ਜਾਵੇ ਤਾਂਜੋ ਵਿਦਿਆਰਥੀ ਦੀ ਭਾਸ਼ਾਈ ਸਮਰੱਥਾ ਵਿੱਚ ਵਾਧਾ ਹੋਵੇ।
- ਵਿਦਿਆਰਥੀ ਨੂੰ ਉਸ ਦੇ ਮਾਨਸਿਕ ਪੱਧਰ ਅਨੁਸਾਰ ਅਜਿਹਾ ਅਭਿਆਸ ਕਰਵਾਇਆ ਜਾਵੇ ਕਿ ਉਸ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੋ ਸਕੇ।
- ਵਿਦਿਆਰਥੀ ਦੀਆਂ ਸਿਰਜਣਾਤਮਿਕ ਰੁਚੀਆਂ ਨੂੰ ਉਭਾਰਨ ਲਈ ਬਾਲ-ਸਾਹਿਤ ਨਾਲ਼ ਜੋੜਿਆ ਜਾਵੇ ਅਤੇ ਉਸ ਅੰਦਰਲੀ ਸਿਰਜਣਸ਼ੀਲਤਾ ਨੂੰ ਉਤਸ਼ਾਹਿਤ ਕਰਨ ਲਈ ਮੌਕੇ ਸਿਰਜੇ ਜਾਣ।

# ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ :-**

- ਵਿਦਿਆਰਥੀ ਪਾਠ-ਕ੍ਰਮ ਦੀਆਂ ਕਿਤਾਬਾਂ, ਬਾਲ-ਸਾਹਿਤ, ਰਿਸਾਲੇ, ਇਸ਼ਤਿਹਾਰ ਆਦਿ ਵਿੱਚੋਂ ਸਰਲ ਕਵਿਤਾਵਾਂ, ਕਹਾਣੀਆਂ, ਲੇਖ, ਖ਼ਬਰਾਂ ਆਦਿ ਪੜ੍ਹ ਸਕੇਗਾ। ਉਹ ਵਿਸਰਾਮ-ਚਿੰਨ੍ਹਾਂ ਦੇ ਮਹੱਤਵ ਤੋਂ ਜਾਣੂ ਹੁੰਦਿਆਂ, ਉਹਨਾਂ ਅਨੁਸਾਰ ਸਹੀ-ਉਚਾਰਨ ਅਤੇ ਦਬਾਅ ਨਾਲ਼ (ਉੱਚੀ ਅਤੇ ਮੌਨ) ਪੜ੍ਹ ਸਕੇਗਾ।
- ਵਿਦਿਆਰਥੀ ਜਮਾਤ ਦੀਆਂ ਵਿਭਿੰਨ ਗਤੀਵਿਧੀਆਂ ਵਿੱਚ ਦਿਲਚਸਪੀ ਨਾਲ਼ ਹਿੱਸਾ ਲੈਂਦਾ ਹੋਇਆ ਦੂਜਿਆਂ ਦੁਆਰਾ ਪੜ੍ਹੇ ਹੋਏ ਪਾਠ ਜਾਂ ਪਾਠ-ਅੰਸ਼ ਦੇ ਭਾਵ ਨੂੰ ਸਮਝਦਾ ਹੈ। ਉਹ ਭਿੰਨ-ਭਿੰਨ ਪਾਠਾਂ ਵਿਚਲੀਆਂ ਸਿੱਖਿਆਵਾਂ ਨੂੰ ਅਪਣਾਉਂਦਾ ਹੋਇਆ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਦਾ ਹੈ।
- ਵਿਦਿਆਰਥੀ ਸਰਲ ਪ੍ਰਸ਼ਨਾਂ ਦੇ ਜ਼ੁਬਾਨੀ ਉੱਤਰ ਦੇ ਸਕਦਾ ਹੈ। ਉਹ ਸਹਿਪਾਠੀਆਂ ਅਤੇ ਅਧਿਆਪਕਾਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕਦਾ ਹੈ। ਉਹ ਕਿਸੇ ਕਵਿਤਾ ਜਾਂ ਕਹਾਣੀ ਨੂੰ ਆਪਣੇ ਤਰੀਕੇ ਜਾਂ ਸ਼ਬਦਾਂ ਵਿੱਚ ਸੁਣਾਉਂਦਾ ਹੈ।
- ਉਹ ਬਾਲ-ਸਾਹਿਤ ਦੀਆਂ ਕਹਾਣੀਆਂ ਤੋਂ ਪ੍ਰੇਰਿਤ ਹੋ ਕੇ ਖ਼ੁਦ ਵੀ ਕਹਾਣੀ ਲਿਖਣ ਦਾ ਯਤਨ ਕਰਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਵਿਚਲੇ ਸਰਲ ਪ੍ਰਸ਼ਨਾਂ ਦੇ ਉੱਤਰ ਲਿਖਦਾ ਹੈ ਅਤੇ ਉਹ ਖ਼ਾਲੀ ਸਥਾਨਾਂ ਵਿੱਚ ਢੁਕਵੇਂ ਸ਼ਬਦ ਚੁਣ ਕੇ ਭਰਦਾ ਹੈ।

- ਵਿਦਿਆਰਥੀ ਵਾਕ ਅਤੇ ਪੈਰੇ ਦੀ ਬਣਤਰ ਤੇ ਉਸ ਦੇ ਸ਼ੁੱਧ ਰੂਪ ਤੋਂ ਜਾਣੂ ਹੋ ਚੁੱਕਿਆ ਹੈ, ਉਹ ਆਪਣੇ ਕੰਮ ਦੀ ਕੋਈ ਵੀ ਚੀਜ਼ ਨੋਟ ਕਰ ਸਕਦਾ ਹੈ।
- ਵਿਦਿਆਰਥੀ ਪੂਰੀ ਦਿਲਚਸਪੀ ਅਤੇ ਲਗਨ ਨਾਲ਼ ਆਪਣੇ ਪੱਧਰ ਦੇ ਕਿਸੇ ਵੀ ਵਿਸ਼ੇ, ਜਿਵੇਂ ਮੇਰੀ ਕਿਤਾਬ, ਸਾਡਾ ਪਿੰਡ, ਦਿਵਾਲ਼ੀ, ਕਿਸੇ ਰੁੱਤ ਆਦਿ ਵਿਸ਼ੇ 'ਤੇ ਆਪਣੇ ਸ਼ਬਦਾਂ ਵਿੱਚ ਲੇਖ ਲਿਖ ਸਕਦਾ ਹੈ।
- ਵਿਦਿਆਰਥੀ ਵੱਖ-ਵੱਖ ਵਿਸ਼ਿਆਂ, ਜਿਵੇਂ : ਜ਼ਰੂਰੀ ਕੰਮ ਲਈ, ਬਿਮਾਰੀ ਲਈ, ਵਿਆਹ 'ਤੇ ਜਾਣ ਲਈ, ਲਾਊਡਸਪੀਕਰ ਦੀ ਅਵਾਜ਼ ਘੱਟ ਕਰਵਾਉਣ ਲਈ ਅਰਜ਼ੀ ਅਤੇ ਸਧਾਰਨ ਚਿੱਠੀ-ਪੱਤਰ ਲਿਖ ਸਕਦਾ ਹੈ।
- ਵਿਦਿਆਰਥੀ ਪੰਜਾਬ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ, ਜਿਵੇਂ: ਮਾਤਾ ਗੁਜਰੀ ਜੀ, ਸ਼ਹੀਦ ਸੁਖਦੇਵ ਅਤੇ ਬਾਬਾ ਸੋਹਣ ਸਿੰਘ ਭਕਨਾ ਆਦਿ ਤੋਂ ਪ੍ਰਭਾਵਿਤ ਹੋ ਕੇ ਇੱਕ ਚੰਗਾ ਇਨਸਾਨ ਬਣਨ ਲਈ ਯਤਨ ਕਰਦਾ ਹੈ ਅਤੇ ਉਸ ਅੰਦਰ ਦੇਸ ਪ੍ਰਤਿ ਪਿਆਰ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੁੰਦੀ ਹੈ।
- ਵਿਦਿਆਰਥੀ ਕਵਿਤਾਵਾਂ ਨੂੰ ਗਾਉਂਦਾ ਹੈ ਜਿਸ ਨਾਲ਼ ਉਹ ਸੁਰ, ਤਾਲ ਅਤੇ ਲੈਅ ਦੇ ਮਹੱਤਵ ਨੂੰ ਸਮਝਦਾ ਹੈ। ਉਸ ਅੰਦਰ ਹੋਰ ਕਵਿਤਾਵਾਂ ਪੜ੍ਹਨ ਅਤੇ ਖ਼ੁਦ ਕਵਿਤਾਵਾਂ ਰਚਣ ਲਈ ਉਤਸ਼ਾਹ ਪੈਦਾ ਹੁੰਦਾ ਹੈ।
- ਵਿਦਿਆਰਥੀ ਤਿਉਹਾਰਾਂ ਦੇ ਮਹੱਤਵ ਨੂੰ ਜਾਣਦਾ ਹੈ ਅਤੇ ਉਸ ਅੰਦਰ ਹੋਰ ਤਿਉਹਾਰਾਂ ਅਤੇ ਮੇਲਿਆਂ ਬਾਰੇ ਜਾਣਨ ਦੀ ਤਾਂਘ ਪੈਦਾ ਹੁੰਦੀ ਹੈ।
- ਵਿਦਿਆਰਥੀ ਨੂੰ ਮਿਹਨਤ ਦੇ ਮੁੱਲ ਦਾ ਅਹਿਸਾਸ ਹੁੰਦਾ ਹੈ, ਉਹ ਇਮਾਨਦਾਰੀ ਅਤੇ ਲਗਨ ਨਾਲ਼ ਸਫ਼ਲਤਾ-ਪ੍ਰਾਪਤੀ ਲਈ ਯਤਨ ਕਰਦਾ ਹੈ।
- ਵਿਦਿਆਰਥੀ ਅੰਦਰ ਪੰਛੀਆਂ, ਰੁੱਖਾਂ, ਜਾਨਵਰਾਂ ਆਦਿ ਪ੍ਰਤਿ ਮੋਹ ਪੈਦਾ ਹੁੰਦਾ ਹੈ। ਉਹ ਇਹਨਾਂ ਦੀ ਹੋਂਦ ਦੇ ਮਹੱਤਵ ਤੋਂ ਜਾਣੂ ਹੁੰਦਾ ਹੋਇਆ ਵਾਤਾਵਰਨ ਅਤੇ ਪਾਣੀ ਨੂੰ ਬਚਾਉਣ ਲਈ ਪ੍ਰੇਰਿਤ ਹੁੰਦਾ ਹੈ ਅਤੇ ਇਹਨਾਂ ਦੀ ਸੰਭਾਲ਼ ਲਈ ਉਪਰਾਲੇ ਕਰਦਾ ਹੈ।
- ਵਿਦਿਆਰਥੀ ਵਿਹਾਰਿਕ ਵਿਆਕਰਨ ਦੇ ਬਹੁਤ ਸਾਰੇ ਭੇਦਾਂ ਨੂੰ ਪਛਾਣਦਾ ਹੈ ਅਤੇ ਲਿੰਗ, ਵਚਨ, ਸਮਾਨਾਰਥਕ ਸ਼ਬਦ, ਵਿਰੋਧੀ ਸ਼ਬਦ ਆਦਿ ਲਿਖ ਸਕਦਾ ਹੈ।

# ਪਾਠ-ਸੂਚੀ


| ਲੜੀ ਨੰ: | ਪਾਠ ਦਾ ਨਾਂ | ਕਵਿਤਾ/ਜੀਵਨੀ/ਲੇਖ | ਲੇਖਕਾਂ ਦੇ ਨਾਂ | ਪੰਨਾ ਨੰ: |
|---|---|---|---|---|
| 1. | ਪ੍ਰਾਰਥਨਾ | ਕਵਿਤਾ | ਸੁਰਜੀਤ ਸਿੰਘ ਮਰਜਾਰਾ | 1 |
| 2. | ਨਿੱਕੀ ਜਿੰਦ—ਵੱਡੀ ਸੋਚ | ਕਹਾਣੀ | ਦਰਸ਼ਨ ਸਿੰਘ ਬਨੂੜ | 5 |
| 3. | ਬਾਲ ਸੁਖਦੇਵ | ਜੀਵਨੀ | ਕੋਮਲ ਸਿੰਘ | 11 |
| 4. | ਹਾਥੀ | ਕਵਿਤਾ | ਸ਼ਿਵ ਨਾਥ | 18 |
| 5. | ਵੀਰੂ ਤੇ ਮੰਗੂ | ਕਹਾਣੀ | ਹਰਨੇਕ ਸਿੰਘ ਕਲੇਰ | 25 |
| 6. | ਗੁਟਰ-ਗੂੰ........ ਗੁਟਰ-ਗੂੰ | ਕਵਿਤਾ | ਹਰੀ ਕ੍ਰਿਸ਼ਨ ਮਾਇਰ | 32 |
| 7. | ਨਾਨੀ ਦੀ ਸਿੱਖਿਆ | ਕਹਾਣੀ | ਅਵਤਾਰ ਸਿੰਘ ਬਿਲਿੰਗ | 37 |
| 8. | ਬੁੱਝ ਤੂੰ ਮੇਰੀ ਬਾਤ | ਕਵਿਤਾ | ਦਰਸ਼ਨ ਸਿੰਘ ਆਸ਼ਟ | 43 |
| 9. | ਕਬੱਡੀ | ਲੇਖ | ਦਲਜੀਤ ਚੁੱਘੇ ਕਲਾਂ | 49 |
| 10. | ਈਦ | ਲੇਖ | ਸੁਲਤਾਨਾ ਬੇਗਮ | 57 |
| 11. | ਮੇਰੇ ਨਿਸ਼ਾਨੇ | ਕਵਿਤਾ | ਦਰਸ਼ਨ ਸਿੰਘ ਅਵਾਰਾ | 63 |
| 12. | ਸਾਡੇ ਰੁੱਖ | ਲੇਖ | ਜਸਵਿੰਦਰ ਸਿੰਘ ਜਲਾਲ | 68 |
| 13. | ਮੱਘੂ ਮਗਰ-ਮੱਛ ਤੇ ਪੰਛੀ | ਕਹਾਣੀ | ਜਸਬੀਰ ਭੁੱਲਰ | 75 |
| 14. | ਮੇਰਾ ਪੰਜਾਬ | ਲੇਖ | ਰਣਜੀਤ ਸਿੰਘ ਮਾਨ | 82 |
| 15. | ਪਾਣੀ | ਕਵਿਤਾ | ਗੁਰਮੀਤ ਸਿੰਘ ਬੈਦਵਾਣ | 91 |
| 16. | ਆਓ ਤੇ ਜਾਓ | ਕਵਿਤਾ | ਜੋਗਾ ਸਿੰਘ | 95 |
| 17. | ਮਾਤਾ ਗੁਜਰੀ ਜੀ | ਲੇਖ | ਰਵਿੰਦਰ ਕੌਰ | 101 |
| 18. | ਬਾਲ-ਬੋਲੀਆਂ | ਬੋਲੀਆਂ | ਰਣਜੀਤ ਮਾਨ, ਦਲਜੀਤ ਚੁੱਘੇ ਕਲਾਂ | 108 |
| 19. | ਬਾਬੇ ਭਕਨੇ ਦੀਆਂ ਪਿਆਰੀਆਂ ਗੱਲਾਂ | ਜੀਵਨੀ | ਜਸਵੀਰ ਸਿੰਘ ਜੱਸ | 113 |
| 20. | ਮਿਹਨਤ ਦਾ ਮੁੱਲ | ਕਹਾਣੀ | ਸੁਰਿੰਦਰ ਸਿੰਘ ਕੋਹਲੀ | 121 |
| 21. | ਪਤੰਗ ਚੜ੍ਹਾਈਏ | ਕਵਿਤਾ | ਹਰਨੇਕ ਸਿੰਘ ਕਲੇਰ | 128 |

## ਪਾਠ - 1

# ਪ੍ਰਾਰਥਨਾ



ਸਿਰਜਣਹਾਰੇ, ਸਭ ਦੇ ਪਿਆਰੇ,
ਦੇ ਸਾਨੂੰ ਇਹ ਦਾਨ।
ਪੜ੍ਹੀਏ, ਲਿਖੀਏ, ਅੱਗੇ ਵਧੀਏ,
ਕਰੀਏ ਕੰਮ ਮਹਾਨ।

ਮਾਨਵਤਾ ਦੀ ਸੇਵਾ ਕਰੀਏ,
ਸੇਵਾ ਜੋ ਨਿਸ਼ਕਾਮ।
ਤੁਰਦੇ ਜਾਈਏ, ਮੰਜ਼ਲ ਪਾਈਏ,
ਹੋਏ ਅਰਾਮ ਹਰਾਮ।

ਤੂੰ ਦਾਤਾ ਹੈਂ, ਸਭ ਦਾ ਮਾਲਕ,
ਸਭ ਨੂੰ ਦੇਈਂ ਭਰੋਸਾ।
ਸਭ ਹੀ ਪਿਆਰਨ ਇੱਕ-ਦੂਜੇ ਨੂੰ,
ਮਨ ਵਿੱਚ ਰਹੇ ਨਾ ਰੋਸਾ।

ਅੰਨ-ਧਨ ਦੂਣ-ਸਵਾਇਆ ਹੋਵੇ,
ਰਹੇ ਨਾ ਕੋਈ ਭੁੱਖਾ।
ਬੋਲੇ ਬੋਲ ਤਾਂ ਮਿੱਠਾ ਬੋਲੇ,
ਬੋਲੇ ਨਾ ਕੋਈ ਰੁੱਖਾ।

ਮੇਰ-ਤੇਰ ਦੀਆਂ ਗੱਲਾਂ ਮੁੱਕਣ,
ਹਉਮੈਂ ਰਹੇ ਨਾ ਕੋਈ।
ਚਾਰ ਦਿਸ਼ਾਵਾਂ ਵਿੱਚੋਂ ਆਵੇ,
ਫੁੱਲਾਂ ਦੀ ਖ਼ੁਸ਼ਬੋਈ।

ਜਦ ਵੀ ਵਾਜ, ਦੇਵੇ ਕੋਈ ਸਾਨੂੰ,
ਕੰਮ ਓਸ ਦੇ ਆਈਏ।
ਹਰ ਪਲ ਆਪਣਾ ਲੇਖੇ ਲਾਈਏ,
ਕਦਰ ਸਮੇਂ ਦੀ ਪਾਈਏ।



## ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| ਸਿਰਜਣਹਾਰੇ | : | ਸੰਸਾਰ ਨੂੰ ਬਣਾਉਣ ਵਾਲ਼ਾ, ਕਰਤਾਰ |
| ਮਾਨਵਤਾ | : | ਮਨੁੱਖਤਾ |
| ਨਿਸ਼ਕਾਮ | : | ਉਹ ਕੰਮ ਜੋ ਫਲ਼ ਦੀ ਇੱਛਾ ਤੋਂ ਬਿਨਾਂ ਕੀਤਾ ਜਾਵੇ। |
| ਭਰੋਸਾ | : | ਵਿਸ਼ਵਾਸ |
| ਦੂਣ-ਸਵਾਇਆ | : | ਬਹੁਤ ਜ਼ਿਆਦਾ |
| ਹਉਮੈਂ | : | ਹੰਕਾਰ |
| ਮੇਰ-ਤੇਰ | : | ਪੱਖ-ਪਾਤ, ਵਿਤਕਰਾ |
| ਖ਼ੁਸ਼ਬੋਈ | : | ਸੁਗੰਧੀ |
| ਕਦਰ | : | ਮਹੱਤਤਾ, ਕੀਮਤ |

## 2. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ :

(ੳ) ਸਿਰਜਣਹਾਰੇ, ਸਭ ਦੇ ਪਿਆਰੇ,

ਦੇ ਸਾਨੂੰ ਇਹ ਦਾਨ।

..........................................................................................................

..........................................................................................................

..........................................................................................................

..........................................................................................................

(ਅ) ਤੂੰ ਦਾਤਾ ਹੈਂ, ਸਭ ਦਾ ਮਾਲਕ,

ਸਭ ਨੂੰ ਦੇਈਂ ਭਰੋਸਾ।

..........................................................................................................

..........................................................................................................

..........................................................................................................

..........................................................................................................

## 3. ਇੱਕੋ-ਜਿਹੇ ਤੁਕਾਂਤ ਵਾਲੇ ਸ਼ਬਦ ਲਿਖੋ :

1. ਦਾਨ – .......................... .......................... ..........................
.........................., .........................., ..........................

2. ਨਿਸ਼ਕਾਮ – .......................... .......................... ..........................
.........................., .........................., ..........................

3. ਆਈਏ – .......................... .......................... ..........................
.........................., .........................., ..........................

4. ਕੋਈ – .......................... .......................... ..........................
.........................., .........................., ..........................

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਦਾਨ : ..........................................................................................

..........................................................................................

(ਅ) ਮਹਾਨ : ..........................................................................................

..........................................................................................

(ੲ) ਸੇਵਾ : ..........................................................................................
..........................................................................................

(ਸ) ਅਰਾਮ : ..........................................................................................
..........................................................................................

(ਹ) ਕਦਰ : ..........................................................................................
..........................................................................................

(ਕ) ਅੰਨ : ..........................................................................................
..........................................................................................

## 5. ਸੁੰਦਰ ਕਰ ਕੇ ਲਿਖੋ :

ਤੂੰ ਦਾਤਾ ਹੈਂ, ਸਭ ਦਾ ਮਾਲਕ,
ਸਭ ਨੂੰ ਦੇਈਂ ਭਰੋਸਾ।
ਸਭ ਹੀ ਪਿਆਰਨ ਇੱਕ-ਦੂਜੇ ਨੂੰ,
ਮਨ ਵਿੱਚ ਰਹੇ ਨਾ ਰੋਸਾ।

..........................................................................................................
..........................................................................................................

..........................................................................................................
..........................................................................................................

..........................................................................................................
..........................................................................................................

..........................................................................................................
..........................................................................................................

ਅਧਿਆਪਕ ਖ਼ੁਦ ਗਾ ਕੇ ਕਵਿਤਾ ਸੁਣਾਵੇ ਅਤੇ ਬੱਚਿਆਂ ਨੂੰ ਗਾ ਕੇ ਕਵਿਤਾ ਪੜ੍ਹਨ ਲਈ ਵਾਰ-ਵਾਰ ਮੌਕਾ ਦੇਵੇ।
(ਕਵਿਤਾ ਨੂੰ ਵਿਦਿਆਰਥੀ ਸਮੂਹਿਕ ਰੂਪ ਵਿੱਚ ਵੀ ਗਾਉਣ।)

*****

## ਪਾਠ-2

# ਨਿੱਕੀ ਜਿੰਦ-ਵੱਡੀ ਸੋਚ

ਬਸੰਤ ਪੰਚਮੀ ਦੀ ਛੁੱਟੀ ਹੋਣ ਕਰਕੇ ਅੱਜ ਸਾਰਾ ਪਰਿਵਾਰ ਘਰ ਹੀ ਸੀ। ਗੁਰਮੇਲ ਸਿੰਘ ਧੁੱਪੇ ਕੁਰਸੀ 'ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਕੋਲ਼ ਹੀ ਕੁਝ ਕਿਤਾਬਾਂ ਵੀ ਪਈਆਂ ਸਨ। ਸਿਮਰਨ ਵੀ ਪਾਪਾ ਦੇ ਨੇੜੇ ਬੈਠੀ ਡ੍ਰਾਇੰਗ-ਬੁੱਕ 'ਤੇ ਤਸਵੀਰਾਂ ਵਾਹ ਰਹੀ ਸੀ। ਜਸ਼ਨ ਟੈਲੀਵੀਜ਼ਨ ਮੂਹਰੇ ਬੈਠਾ ਕਾਰਟੂਨ-ਚੈਨਲ ਵੇਖ ਰਿਹਾ ਸੀ।

ਜਦੋਂ ਗੁਰਮੇਲ ਸਿੰਘ ਸੈਰ 'ਤੇ ਜਾਣ ਲਈ ਤਿਆਰ ਹੋ ਰਿਹਾ ਸੀ ਤਾਂ ਜਸ਼ਨ ਨੇ ਡ੍ਰਾਇੰਗ - ਰੂਮ ਵਿੱਚੋਂ ਹੀ ਅਵਾਜ਼ ਮਾਰਦਿਆਂ ਕਿਹਾ, "ਪਾਪਾ! ਸੈਰ ਕਰਨ ਚੱਲੇ ਹੋ? ਮੈਂ ਵੀ ਅੱਜ ਤੁਹਾਡੇ ਨਾਲ਼ ਸੈਰ ਕਰਨ ਜਾਵਾਂਗਾ।"

"ਕੀ ਗੱਲ, ਅੱਜ ਤੂੰ ਟਿਊਸ਼ਨ 'ਤੇ ਨਹੀਂ ਜਾਣਾ ?" ਗੁਰਮੇਲ ਸਿੰਘ ਨੇ ਬੂਟਾਂ ਦੇ ਤਸਮੇ ਕੱਸਦਿਆਂ ਕਿਹਾ।

"ਨਹੀਂ ਪਾਪਾ, ਅੱਜ ਸਾਨੂੰ ਟਿਊਸ਼ਨ ਤੋਂ ਛੁੱਟੀ ਹੈ। ਅੱਜ ਸਾਡੀ ਮੈਡਮ ਕਿਤੇ ਰਿਸ਼ਤੇਦਾਰੀ 'ਚ ਗਏ ਹੋਏ ਹਨ।"

"ਹਾਂ....ਹਾਂ..... ਪਾਪਾ! ਲੈ ਜਾਓ, ਇਹਨੂੰ ਆਪਣੇ ਨਾਲ਼। ਸਵੇਰ ਦਾ ਬੈਠਾ ਹੈ, ਇਹ ਟੈਲੀਵੀਜ਼ਨ ਮੂਹਰੇ। ਪਤਾ ਨਹੀਂ ਕੀ ਲੱਭੀ ਜਾਂਦਾ ਹੈ, ਕਾਰਟੂਨ-ਚੈਨਲ 'ਚੋਂ।" ਸਿਮਰਨ ਨੇ ਸਕੂਲ ਦਾ ਬੈਗ ਰੱਖਦਿਆਂ ਕਿਹਾ।

"ਪਰ ਬੇਟਾ! ਮੈਂ ਬਹੁਤ ਦੂਰ ਤੱਕ ਜਾਣਾ ਹੈ, ਥੱਕ ਜਾਵੇਗਾ, ਇਹ।"

"ਨਹੀਂ ਪਾਪਾ, ਮੈਂ ਨਹੀਂ ਥੱਕਾਂਗਾ।" ਜਸ਼ਨ ਗੁਰਮੇਲ ਦੇ ਮੂਹਰੇ-ਮੂਹਰੇ ਹੋ ਕੇ ਤੁਰ ਪਿਆ।

"ਚੱਲ ਫੇਰ, ਪੁੱਤਰਾ! ਵੇਖਦਾਂ, ਅੱਜ ਤੇਰਾ ਜ਼ੋਰ!"

ਗੁਰਮੇਲ ਸਿੰਘ ਲੰਮੀਆਂ-ਲੰਮੀਆਂ ਡਿੰਗਾਂ ਭਰਦਾ ਜਾ ਰਿਹਾ ਸੀ ਤੇ ਜਸ਼ਨ ਕਦੇ ਪਿੱਛੇ ਰਹਿ ਜਾਂਦਾ ਤੇ ਕਦੇ ਦੌੜ ਕੇ ਅੱਗੇ ਲੰਘ ਜਾਂਦਾ ਅਤੇ ਅੱਗੇ ਖੜ੍ਹ ਕੇ ਆਪਣੇ ਪਾਪਾ ਦਾ ਇੰਤਜ਼ਾਰ ਕਰਨ ਲੱਗ ਪੈਂਦਾ।

ਕੁਝ ਹੀ ਮਿੰਟਾਂ ਵਿੱਚ ਦੋਵੇਂ ਪਿਓ-ਪੁੱਤਰ ਅਬਾਦੀ ਤੋਂ ਬਾਹਰ ਨਿਕਲ਼, ਕੱਚੀ ਨਹਿਰ ਵਾਲ਼ੇ ਰਾਹ 'ਤੇ ਆ ਗਏ।

ਜਸ਼ਨ ਮੂਹਰੇ-ਮੂਹਰੇ ਤੁਰਦਾ ਖੇਤਾਂ ਵਿੱਚ ਲਹਿਲਹਾਉਂਦੀਆਂ ਫ਼ਸਲਾਂ ਨੂੰ ਨਿਹਾਰਦਾ। ਕਦੇ ਸਰ੍ਹੋਂ ਦਿਆਂ ਫੁੱਲਾਂ 'ਤੇ ਮੰਡਲਾਉਂਦੀਆਂ ਤਿਤਲੀਆਂ ਨੂੰ ਫੜਨ ਦੀ ਕੋਸ਼ਸ਼ ਕਰਦਾ, ਕਦੇ ਤਾਰਾਂ

'ਤੇ ਬੈਠੇ ਪੰਛੀਆਂ ਨੂੰ ਵੇਖ-ਵੇਖ ਖ਼ੁਸ਼ ਹੁੰਦਾ। ਗੁਰਮੇਲ ਸਿੰਘ ਆਪਣੀ ਧੁਨ ਵਿੱਚ ਤੇਜ਼-ਤੇਜ਼ ਤੁਰਦਾ ਜਾ ਰਿਹਾ ਸੀ। ਉਹ ਹੈਰਾਨ ਸੀ ਕਿ ਅੱਜ ਜਸ਼ਨ ਦੇ ਮਨ ਵਿੱਚ ਸੈਰ ਕਰਨ ਦਾ ਵਿਚਾਰ ਕਿਵੇਂ ਆਇਆ। ਦੋਵੇਂ ਪਿਓ-ਪੁੱਤਰ ਗੱਲਾਂ ਕਰਦੇ ਨਹਿਰ ਦੀ ਪਟੜੀ 'ਤੇ ਆ ਚੜ੍ਹੇ, ਜਿੱਥੇ ਇੱਕ ਪਾਸੇ ਰੁੱਖਾਂ ਦੇ ਝੁੰਡ ਸਨ ਅਤੇ ਇੱਕ ਪਾਸੇ ਹਰੀਆਂ-ਹਰੀਆਂ ਕਣਕਾਂ ਹੁਲਾਰੇ ਮਾਰ ਰਹੀਆਂ ਸਨ।



ਜਸ਼ਨ ਨਹਿਰ ਦੇ ਕਿਨਾਰੇ 'ਤੇ ਖੜ੍ਹ ਕੇ ਪਾਣੀ ਵਿੱਚੋਂ ਕੁਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹਨੂੰ ਇਸ ਤਰ੍ਹਾਂ ਕਰਦਿਆਂ ਦੇਖ ਕੇ ਗੁਰਮੇਲ ਸਿੰਘ ਨੇ ਪੁੱਛਿਆ, "ਬੇਟਾ! ਕੀ ਲੱਭ ਰਿਹਾ ਏਂ?"

"ਪਾਪਾ! ਪਰਵਾਸੀ ਪੰਛੀ ਲੱਭ ਰਿਹਾ ਹਾਂ। ਦੁਪਹਿਰੇ ਮੋਹਿਤ ਅਤੇ ਸ਼ੁਭਮ ਮੇਰੇ ਕੋਲ਼ ਆਏ ਸਨ। ਉਹ ਕਹਿ ਰਹੇ ਸਨ ਕਿ ਇਸ ਵਾਰ ਨਹਿਰ 'ਤੇ ਕਾਫ਼ੀ ਪਰਵਾਸੀ ਪੰਛੀ ਆਏ ਹੋਏ ਹਨ।"

ਪੈਰਾਂ ਦਾ ਖੜਾਕ ਸੁਣ ਕੇ ਦੋ ਮੁਰਗ਼ਾਬੀਆਂ ਉਹਨਾਂ ਦੇ ਮੂਹਰਿਓਂ ਉੱਡ ਗਈਆਂ।

ਜਸ਼ਨ ਇਹਨਾਂ ਮੁਰਗ਼ਾਬੀਆਂ ਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ। "ਪਾਪਾ! ਇਹ ਤਾਂ ਬਹੁਤ ਪਿਆਰੇ ਪੰਛੀ ਨੇ! ਇਹ ਕਿੱਥੋਂ ਆਉਂਦੇ ਨੇ?" ਇੱਕੋ ਸਾਹ ਵਿੱਚ ਉਹ ਕਿੰਨੇ ਸਾਰੇ ਸਵਾਲ ਕਰ ਗਿਆ।

ਗੁਰਮੇਲ ਸਿੰਘ ਨੇ ਜਸ਼ਨ ਦੀਆਂ ਗੱਲਾਂ ਦਾ ਜਵਾਬ ਦਿੰਦਿਆਂ ਕਿਹਾ, "ਪੁੱਤਰਾ! ਪਰਵਾਸੀ ਪੰਛੀ ਦੂਰ-ਦੁਰਾਡੇ ਦੇਸਾਂ ਤੋਂ ਹਜ਼ਾਰਾਂ ਮੀਲਾਂ ਦਾ ਸਫ਼ਰ ਤੈਅ ਕਰਕੇ ਆਉਂਦੇ ਹਨ। ਇਹਨਾਂ ਵਿੱਚ ਮੁੱਖ ਤੌਰ 'ਤੇ ਸਮੁੰਦਰੀ ਕੂੰਜਾਂ, ਅਬਾਬੀਲ, ਹੰਸ ਅਤੇ ਨੀਲਸਰ ਆਦਿ ਪੰਛੀ ਸ਼ਾਮਲ ਹਨ। ਇਹਨਾਂ

ਵਿੱਚੋਂ ਕੁਝ ਪੰਛੀ ਸਾਇਬੇਰੀਆ ਤੋਂ ਵੀ ਆਉਂਦੇ ਹਨ। ਕਈ ਪੰਛੀ ਸੈਂਕੜੇ-ਹਜ਼ਾਰਾਂ ਕਿਲੋਮੀਟਰਾਂ ਦਾ ਸਫ਼ਰ ਤੈਅ ਕਰ ਕੇ ਭਾਰਤ ਆਉਂਦੇ ਹਨ। ਰੁੱਤ ਬਦਲਦਿਆਂ ਹੀ ਇਹ ਪੰਛੀ ਵਾਪਸ ਚਲੇ ਜਾਂਦੇ ਹਨ। ਇਸ ਲਈ ਇਹ ਪੰਛੀ ਸਾਡੇ ਮਹਿਮਾਨ ਹੁੰਦੇ ਹਨ।"

"ਇਹ ਗੱਲ ਮੈਂ ਮੋਹਿਤ ਤੇ ਸ਼ੁਭਮ ਹੋਰਾਂ ਨੂੰ ਵੀ ਸਮਝਾਵਾਂਗਾ," ਜਸ਼ਨ ਨੇ ਗੰਭੀਰ ਹੁੰਦਿਆਂ ਕਿਹਾ।

ਗੁਰਮੇਲ ਸਿੰਘ ਨੂੰ ਲੱਗਿਆ, ਜਿਵੇਂ ਜਸ਼ਨ ਥੱਕ ਗਿਆ ਹੋਵੇ ਪਰ ਉਹ ਸਵਾਲ 'ਤੇ ਸਵਾਲ ਕਰੀ ਜਾ ਰਿਹਾ ਸੀ। ਸਾਮ੍ਹਣੇ ਖੇਤਾਂ 'ਤੇ ਕੰਡਿਆਲੀ ਤਾਰ ਲੱਗੀ ਵੇਖ ਕੇ ਜਸ਼ਨ ਫੇਰ ਬੋਲ ਪਿਆ, "ਪਾਪਾ! ਅਹੁ ਸਾਮ੍ਹਣੇ ਵਾਲ਼ੇ ਖੇਤ ਖ਼ਾਲੀ ਕਿਉਂ ਪਏ ਨੇ ?"

"ਬੇਟਾ! ਇਹ ਜ਼ਮੀਨ ਕਿਸੇ ਕਿਰਸਾਣ ਨੇ ਕਿਸੇ ਕੰਪਨੀ ਨੂੰ ਵੇਚ ਦਿੱਤੀ ਹੈ।"

"ਵੇਚ ਦਿੱਤੀ ਹੈ ?" ਜਸ਼ਨ ਨੇ ਹੈਰਾਨ ਹੁੰਦਿਆਂ ਕਿਹਾ।

"ਪਾਪਾ! ਦਾਦੀ-ਮਾਂ ਕਹਿੰਦੇ ਸਨ ਕਿ ਇਹ ਧਰਤੀ ਤਾਂ ਪੂਜਣਯੋਗ ਹੁੰਦੀ ਹੈ ਤੇ ਨਾਲ਼ੇ ਇਹ ਸਾਡੀ ਮਾਂ ਹੁੰਦੀ ਹੈ। ਭਲਾ, ਫੇਰ ਮਾਂ ਨੂੰ ਅਸੀਂ ਕਿਸ ਤਰ੍ਹਾਂ ਵੇਚ ਸਕਦੇ ਹਾਂ ?"

ਜਸ਼ਨ ਦੀਆਂ ਗੱਲਾਂ ਸੁਣ ਕੇ ਗੁਰਮੇਲ ਸਿੰਘ ਹੈਰਾਨ ਸੀ ਕਿ ਜਿਹੜੀਆਂ ਗੱਲਾਂ ਸਾਨੂੰ ਵੱਡਿਆਂ ਨੂੰ ਸੋਚਣੀਆਂ ਚਾਹੀਦੀਆਂ ਹਨ, ਉਹ ਬੱਚੇ ਸੋਚ ਰਹੇ ਹਨ। ਜ਼ਮੀਨਾਂ 'ਤੇ ਧੜਾ-ਧੜ ਉੱਸਰ ਰਹੇ ਫ਼ਲੈਟ ਅਤੇ ਖੇਤੀ ਲਈ ਘਟਦੀ ਜਾਂਦੀ ਜ਼ਮੀਨ ਜ਼ਰੂਰ ਸਾਡੇ ਲਈ ਇੱਕ ਚਿੰਤਾ ਦਾ ਵਿਸ਼ਾ ਹੈ।

ਦੂਜੇ ਪਾਸੇ ਸਫ਼ੈਦਿਆਂ ਦੇ ਰੁੱਖਾਂ ਵਿੱਚ ਕਾਂਵਾਂ ਦੀ ਕਾਂਵਾਂ-ਰੌਲ਼ੀ ਨੇ ਜਸ਼ਨ ਦਾ ਧਿਆਨ ਆਪਣੇ ਵੱਲ ਖਿੱਚਿਆ। ਉਸ ਨੇ ਸ਼ਾਇਦ ਏਨੇ ਸਾਰੇ ਕਾਂ ਪਹਿਲਾਂ ਨਹੀਂ ਸਨ ਵੇਖੇ। ਉਹ ਕਾਂਵਾਂ ਨੂੰ ਵੇਖ ਕੇ ਬਹੁਤ ਖ਼ੁਸ਼ ਹੋਇਆ ਪਰ ਥੋੜ੍ਹੀ ਹੀ ਦੇਰ ਬਾਅਦ ਗੰਭੀਰ ਹੁੰਦਿਆਂ ਬੋਲਿਆ, "ਪਾਪਾ! ਚਿੜੀਆਂ ਕਿਤੇ ਨਜ਼ਰ ਨਹੀਂ ਆਉਂਦੀਆਂ, ਕਿੱਥੇ ਗਈਆਂ ਚਿੜੀਆਂ ?"

ਗੁਰਮੇਲ ਸਿੰਘ ਵੱਲੋਂ ਕੋਈ ਜਵਾਬ ਨਾ ਆਉਂਦਾ ਦੇਖ ਕੇ ਫੇਰ ਉਹ ਆਪ ਹੀ ਜਵਾਬ ਦਿੰਦਾ ਹੋਇਆ ਬੋਲਿਆ,"ਪਾਪਾ! ਮੈਡਮ ਕਹਿੰਦੇ ਸਨ ਕਿ ਜਿਹੜੇ ਮੋਬਾਈਲ-ਫ਼ੋਨਾਂ ਦੇ ਵੱਡੇ-ਵੱਡੇ ਟਾਵਰ ਲੱਗੇ ਹੋਏ ਨੇ, ਇਹਨਾਂ ਵਿੱਚੋਂ ਨਿਕਲਣ ਵਾਲ਼ੀਆਂ ਤਰੰਗਾਂ ਕਰਕੇ ਬਹੁਤ ਸਾਰੇ ਪੰਛੀ ਸਾਡੇ ਕੋਲ਼ੋਂ ਦੂਰ ਚਲੇ ਗਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਚਿੜੀਆਂ ਵੀ ਜਾਂ ਤਾਂ ਮਰ ਗਈਆਂ ਨੇ ਜਾਂ ਫੇਰ ਦੂਰ-ਦੁਰਾਡੇ ਕਿਧਰੇ ਪਹਾੜਾਂ ਵੱਲ ਚਲੀਆਂ ਗਈਆਂ ਨੇ।"

"ਹਾਂ, ਪੁੱਤਰਾ! ਠੀਕ ਕਹਿੰਦੇ ਨੇ, ਤੇਰੇ ਮੈਡਮ। ਜਿੱਥੇ ਸਾਨੂੰ ਇਹਨਾਂ ਚੀਜ਼ਾਂ ਦੇ ਲਾਭ ਹੋਏ ਨੇ, ਉੱਥੇ ਸਾਨੂੰ ਇਹਨਾਂ ਕਰਕੇ ਬਹੁਤ ਕੁਝ ਗੁਆਉਣਾ ਵੀ ਪਿਆ ਹੈ।"

ਗੱਲਾਂ-ਬਾਤਾਂ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਿ ਗੁਰਮੇਲ ਸਿੰਘ ਤੇ ਜਸ਼ਨ ਕਦੋਂ ਘਰ ਪਹੁੰਚ ਗਏ। ਜਸ਼ਨ ਘਰ ਆਉਂਦਿਆਂ ਫੇਰ ਖੇਡਣ ਵਿੱਚ ਮਗਨ ਹੋ ਗਿਆ ਪਰ ਗੁਰਮੇਲ ਸਿੰਘ ਅਜੇ ਵੀ ਜਸ਼ਨ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਲੱਭਣ ਦੀ ਕੋਸ਼ਸ਼ ਕਰ ਰਿਹਾ ਸੀ।



## ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| **ਇੰਤਜ਼ਾਰ** | : | ਉਡੀਕ |
| **ਧੁਨ** | : | ਧਿਆਨ, ਲਗਨ |
| **ਗੰਭੀਰ** | : | ਸੋਚ-ਵਿਚਾਰ ਵਾਲ਼ਾ, ਸੰਜੀਦਾ |
| **ਤਰੰਗਾਂ** | : | ਲਹਿਰਾਂ |
| **ਮਗਨ** | : | ਮਸਤ, ਲੀਨ |

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਸਿਮਰਨ ਵੀ ਪਾਪਾ ਦੇ ਨੇੜੇ ਬੈਠੀ ਡ੍ਰਾਇੰਗ-ਬੁੱਕ 'ਤੇ .......................... ਵਾਹ ਰਹੀ ਸੀ।

(ਅ) ਗੁਰਮੇਲ ਸਿੰਘ ਆਪਣੀ ਧੁਨ ਵਿੱਚ .......................... ਤੁਰਦਾ ਜਾ ਰਿਹਾ ਸੀ।

(ੲ) ਜਸ਼ਨ ਨਹਿਰ ਦੇ ਕਿਨਾਰੇ 'ਤੇ ਖੜ੍ਹ ਕੇ .......................... ਵਿੱਚੋਂ ਕੁਝ ਲੱਭਣ ਦੀ ਕੋਸ਼ਸ਼ ਕਰ ਰਿਹਾ ਸੀ।

(ਸ) .......................... ਬਦਲਦਿਆਂ ਹੀ ਇਹ ਪੰਛੀ ਵਾਪਸ ਚਲੇ ਜਾਂਦੇ ਹਨ।

(ਹ) ਉਹ .......................... ਨੂੰ ਦੇਖ ਕੇ ਬਹੁਤ ਖ਼ੁਸ਼ ਹੋਇਆ।

*(ਰੁੱਤ, ਪਾਣੀ, ਤਸਵੀਰਾਂ, ਕਾਂਵਾਂ, ਤੇਜ਼-ਤੇਜ਼)*

3. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਜਸ਼ਨ ਨੇ ਆਪਣੇ ਪਿਤਾ ਜੀ ਨੂੰ ਕੀ ਕਿਹਾ ?

.................................................................................................

.................................................................................................

.................................................................................................

.................................................................................................

(ਅ) ਜਸ਼ਨ ਨੇ ਸੈਰ ਦਾ ਅਨੰਦ ਕਿਵੇਂ ਮਾਣਿਆ ?

.................................................................................................

.................................................................................................

.................................................................................................

.................................................................................................

(ੲ) ਪਰਵਾਸੀ ਪੰਛੀ ਕਿਨ੍ਹਾਂ ਨੂੰ ਆਖਦੇ ਹਨ ?

.................................................................................................

.................................................................................................

.................................................................................................

.................................................................................................

(ਸ) ਜ਼ਮੀਨ ਕਿਉਂ ਘਟਦੀ ਜਾ ਰਹੀ ਹੈ ?

.................................................................................................

.................................................................................................

.................................................................................................

.................................................................................................

4. **ਸ਼ੁੱਧ ਕਰਕੇ ਲਿਖੋ :**

ਤਿਤਲਿਆਂ : ............................

............................

ਸਰੋਂ : ............................

............................

ਖੁਸ਼ : ............................

............................

5. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

(ੳ) ਅਖ਼ਬਾਰ : ...............................................................................
...............................................................................

(ਅ) ਤਸਵੀਰਾਂ : ...............................................................................
...............................................................................

(ੲ) ਪਰਵਾਸੀ : ...............................................................................
...............................................................................

(ਸ) ਧੜਾ-ਧੜ : ...............................................................................
...............................................................................

(ਹ) ਲਾਭ : ...............................................................................
...............................................................................

6. **'ਸਵੇਰ ਦੀ ਸੈਰ' ਬਾਰੇ ਪੰਜ ਵਾਕ ਸੁੰਦਰ ਕਰਕੇ ਲਿਖੋ :**

...............................................................................
...............................................................................
...............................................................................
...............................................................................
...............................................................................
...............................................................................
...............................................................................
...............................................................................
...............................................................................
...............................................................................

**ਅਧਿਆਪਕ ਵਿਦਿਆਰਥੀਆਂ ਨੂੰ ਪਰਵਾਸੀ ਪੰਛੀਆਂ ਬਾਰੇ ਪੰਜ ਵਾਕ ਬੋਲਣ ਲਈ ਕਹੇ।**

*****

## ਪਾਠ-3

# ਬਾਲ ਸੁਖਦੇਵ



ਸ਼ਹੀਦ ਸੁਖਦੇਵ ਨੂੰ ਕੌਣ ਨਹੀਂ ਜਾਣਦਾ ? ਉਸ ਦਾ ਨਾਂ ਅਜ਼ਾਦੀ ਦੀ ਲੜਾਈ 'ਚ ਹਿੱਸਾ ਲੈਣ ਵਾਲ਼ਿਆਂ ਦੀ ਪਹਿਲੀ ਕਤਾਰ ਵਿੱਚ ਲਿਆ ਜਾਂਦਾ ਹੈ। ਉਹ ਭਗਤ ਸਿੰਘ ਦਾ ਨੇੜੇ ਦਾ ਸਾਥੀ ਸੀ। ਭਗਤ ਸਿੰਘ ਨਾਲ਼ ਜਿਹੜੇ ਦੋ ਹੋਰ ਸਾਥੀਆਂ ਨੂੰ ਫਾਂਸੀ ਲਾਇਆ ਗਿਆ ਸੀ, ਸੁਖਦੇਵ ਉਹਨਾਂ ਵਿੱਚੋਂ ਇੱਕ ਸੀ। ਇਹਨਾਂ ਦਾ ਤੀਜਾ ਸਾਥੀ ਰਾਜਗੁਰੂ ਮਹਾਂਰਾਸ਼ਟਰ ਦਾ ਰਹਿਣ ਵਾਲ਼ਾ ਸੀ।

ਸੁਖਦੇਵ ਦਾ ਜਨਮ 15 ਮਈ, 1907 ਈ. ਨੂੰ ਪਿਤਾ ਰਾਮ ਲਾਲ ਥਾਪਰ ਅਤੇ ਮਾਤਾ ਰਲ਼ੀ ਦੇਈ ਦੇ ਘਰ ਲੁਧਿਆਣਾ ਵਿੱਚ ਹੋਇਆ।

ਆਓ, ਅੱਜ ਤੁਹਾਨੂੰ ਸੁਖਦੇਵ ਦੇ ਬਚਪਨ ਦੀਆਂ ਕੁਝ ਗੱਲਾਂ ਦੱਸਦੇ ਹਾਂ।

ਸੁਖਦੇਵ ਦੀ ਚਚੇਰੀ ਭੈਣ ਗੌਰਾਂ, ਸੁਖਦੇਵ ਨੂੰ ਬਹੁਤ ਪਿਆਰ ਕਰਦੀ ਸੀ। ਉਹ ਬਚਪਨ

ਵਿੱਚ ਸੁਖਦੇਵ ਨੂੰ ਗੋਦੀ ਚੁੱਕ ਕੇ ਖਿਡਾਉਂਦੀ ਹੁੰਦੀ ਸੀ। ਗੌਰਾਂ ਸੁਖਦੇਵ ਤੋਂ ਸੱਤ ਸਾਲ ਵੱਡੀ ਸੀ। ਜਦ ਕਦੇ ਘਰ ਵਿੱਚ ਕੋਈ ਜੀਅ ਸੁਖਦੇਵ ਨੂੰ ਡਾਂਟਦਾ ਤਾਂ ਗੌਰਾਂ ਉਸ ਨਾਲ਼ ਰੁੱਸ ਜਾਂਦੀ ਸੀ। ਜਦ ਘਰ ਵਿੱਚ ਸੁਖਦੇਵ ਕੋਈ ਸ਼ਰਾਰਤ ਕਰਦਾ ਜਾਂ ਗ਼ਲਤੀ ਕਰਦਾ ਤਾਂ ਗੌਰਾਂ ਸੁਖਦੇਵ ਦਾ ਹੀ ਪੱਖ ਪੂਰਦੀ ਸੀ।

ਛੋਟੇ ਹੁੰਦਿਆਂ ਸੁਖਦੇਵ ਨੂੰ ਇਕੱਲਿਆਂ ਘੁੰਮਣ ਦਾ ਸ਼ੌਕ ਸੀ। ਉਹ ਬੱਚਿਆਂ ਦੇ ਝੁਰਮਟ ਤੋਂ ਥੋੜ੍ਹਾ ਅਲੱਗ ਹੀ ਰਹਿੰਦਾ ਸੀ।

ਸੁਖਦੇਵ ਦੇ ਬਚਪਨ ਦੇ ਦਿਨਾਂ ਵਿੱਚ ਇਹਨਾਂ ਦੇ ਘਰ ਰਹੀਮਣ ਨਾਂ ਦੀ ਇੱਕ ਔਰਤ ਕੰਮ ਕਰਿਆ ਕਰਦੀ ਸੀ। ਰਹੀਮਣ ਮਾਤਾ ਰਲ਼ੀ ਦੇਈ ਦਾ ਰਸੋਈ ਦੇ ਕੰਮ-ਕਾਜ ਵਿੱਚ ਹੱਥ ਵਟਾਉਂਦੀ ਅਤੇ ਨਾਲ਼ ਬੱਚਿਆਂ ਦੀ ਦੇਖ-ਭਾਲ਼ ਵੀ ਕਰਦੀ।

ਜਦੋਂ ਸੁਖਦੇਵ ਸਕੂਲ ਜਾਣ ਲੱਗ ਪਿਆ ਤਾਂ ਰਹੀਮਣ ਵੀ ਕਦੇ-ਕਦੇ ਸੁਖਦੇਵ ਨੂੰ ਤਿਆਰ ਕਰਕੇ ਸਕੂਲ ਭੇਜਦੀ। ਉਸ ਦੇ ਬਸਤੇ ਵਿੱਚ ਰੋਟੀ ਬੰਨ੍ਹ ਕੇ ਪਾਉਂਦੀ। ਰਹੀਮਣ ਸੁਖਦੇਵ ਨੂੰ ਬਹੁਤ ਪਿਆਰ ਕਰਦੀ। ਸੁਖਦੇਵ ਵੀ ਉਸ ਨੂੰ 'ਰਹੀਮਣ ਚਾਚੀ' ਕਹਿ ਕੇ ਅਵਾਜ਼ ਮਾਰਦਾ।

ਘਰ ਵਿੱਚ ਸੁਖਦੇਵ ਨੂੰ ਬਹੁਤ ਸਾਰਾ ਪਿਆਰ ਮਿਲ਼ਨ ਕਰਕੇ ਉਹ ਸ਼ੁਰੂ ਤੋਂ ਥੋੜ੍ਹਾ ਵੱਖਰੀ ਤਰ੍ਹਾਂ ਦਾ ਜ਼ਿੱਦੀ ਬਾਲਕ ਸੀ। ਕਈ ਵਾਰ ਸੁਖਦੇਵ ਰੋ-ਧੋ ਕੇ ਵੀ ਆਪਣੀ ਜ਼ਿਦ ਪੂਰੀ ਕਰ ਲੈਂਦਾ ਸੀ। ਜੇ ਕਦੇ ਕਿਸੇ ਗੱਲ 'ਤੇ ਰੋਣ ਲੱਗ ਪੈਂਦਾ ਤਾਂ ਲਗਾਤਾਰ ਰੋਂਦਾ ਹੀ ਰਹਿੰਦਾ। ਬਚਪਨ ਦੇ ਇਹਨਾਂ ਸਾਲਾਂ ਵਿੱਚ ਤਾਂ ਉਸ ਦਾ ਸੁਭਾਅ ਚਿੜਚਿੜਾ ਵੀ ਬਣ ਗਿਆ ਸੀ।

ਛੋਟੇ ਹੁੰਦਿਆਂ ਸੁਖਦੇਵ ਇੱਕ ਵਾਰ ਲਾਇਲਪੁਰ 'ਚ ਆਪਣੇ ਘਰ ਦੇ ਨੇੜੇ ਬੱਚਿਆਂ ਨਾਲ਼ ਖੇਡ ਰਿਹਾ ਸੀ। ਖੇਡਦਿਆਂ ਹੋਇਆਂ ਇੱਕ ਬੱਚਾ ਨੇੜੇ ਦੇ ਇੱਕ ਖੂਹ ਵਿੱਚ ਡਿਗ ਪਿਆ। ਸਾਰੇ ਬੱਚੇ ਖੂਹ ਦੀ ਮਣ ਦੇ ਨੇੜੇ ਖੜ੍ਹ ਕੇ ਉੱਚੀ-ਉੱਚੀ ਰੌਲ਼ਾ ਪਾਉਣ ਲੱਗੇ ਪਰ ਸੁਖਦੇਵ ਕਾਹਲ਼ੀ ਨਾਲ਼ ਭੱਜਾ-ਭੱਜਾ ਆਪਣੇ ਘਰ ਗਿਆ ਅਤੇ ਨੌਕਰ ਸ਼ਿਵ ਰਾਮ ਨੂੰ ਰੱਸੇ ਸਮੇਤ ਖੂਹ 'ਤੇ ਲੈ ਆਇਆ। ਜੇਕਰ ਉਸ ਦਿਨ ਸੁਖਦੇਵ ਹੁਸ਼ਿਆਰੀ ਨਾ ਵਰਤਦਾ ਤਾਂ ਸ਼ਾਇਦ ਉਸ ਬੱਚੇ ਨੂੰ ਬਚਾਇਆ ਨਾ ਜਾ ਸਕਦਾ।

ਸੁਖਦੇਵ ਲਾਇਲਪੁਰ ਦੇ ਸਨਾਤਨ ਧਰਮ ਸਕੂਲ 'ਚ ਪੜ੍ਹਦਾ ਸੀ। ਜਦੋਂ 13 ਅਪ੍ਰੈਲ, 1919 ਨੂੰ ਜੱਲ੍ਹਿਆਂਵਾਲ਼ਾ ਬਾਗ਼ ਦਾ ਸਾਕਾ ਵਾਪਰਿਆ ਤਾਂ ਸਾਰੇ ਪੰਜਾਬ ਵਿੱਚ ਸੋਗ ਦੀ ਲਹਿਰ ਦੌੜ ਗਈ। ਅੰਗਰੇਜ਼ ਸਰਕਾਰ ਨੂੰ ਪਤਾ ਸੀ ਕਿ ਸਾਰੇ ਪੰਜਾਬ ਵਿੱਚ ਥਾਂ-ਥਾਂ ਰੋਸ-ਵਿਖਾਵੇ ਹੋਣਗੇ। ਇਸ ਕਰਕੇ ਅੰਗਰੇਜ਼ਾਂ ਨੇ ਜੱਲ੍ਹਿਆਂਵਾਲ਼ਾ ਬਾਗ਼ ਦੇ ਸਾਕੇ ਤੋਂ ਤੀਜੇ ਦਿਨ ਸਾਰੇ ਪੰਜਾਬ ਵਿੱਚ ਫ਼ੌਜ ਅਤੇ

ਪੁਲਿਸ ਤਾਇਨਾਤ ਕਰ ਦਿੱਤੀ। ਸਰਕਾਰੀ ਦਫ਼ਤਰਾਂ, ਵਿੱਦਿਅਕ ਅਦਾਰਿਆਂ ਅਤੇ ਹੋਰ ਸੰਸਥਾਵਾਂ ਵਿੱਚ ਅੰਗਰੇਜ਼ ਸਿਪਾਹੀ ਤਾਇਨਾਤ ਕਰ ਦਿੱਤੇ ਗਏ।

ਸਨਾਤਨ ਧਰਮ ਸਕੂਲ, ਲਾਇਲਪੁਰ ਦੇ ਮੁੱਖ ਅਧਿਆਪਕ ਨੇ ਸਰਕਾਰ ਵੱਲੋਂ ਆਏ ਹੁਕਮ ਅਨੁਸਾਰ ਵਿਦਿਆਰਥੀਆਂ ਨੂੰ ਹਿਦਾਇਤ ਕੀਤੀ ਕਿ ਹਰ ਰੋਜ਼ ਸਕੂਲ ਵਿੱਚ ਸਵੇਰ ਦੀ ਪ੍ਰਾਰਥਨਾ-ਸਭਾ ਤੋਂ ਪਿੱਛੋਂ ਸਾਰੇ ਬੱਚੇ ਇੱਕ ਅੰਗਰੇਜ਼ ਅਫ਼ਸਰ ਨੂੰ ਸਲਾਮੀ ਦੇਣਗੇ। ਇੱਕ ਦਿਨ ਸਾਰੇ ਬੱਚੇ ਸਵੇਰ ਦੀ ਸਭਾ ਤੋਂ ਬਾਅਦ ਵਾਰੀ-ਵਾਰੀ ਅੰਗਰੇਜ਼ ਅਫ਼ਸਰ ਨੂੰ ਸਲਾਮੀ ਦੇ ਰਹੇ ਸਨ। ਜਦੋਂ ਸਲਾਮੀ ਦੇਣ ਦੀ ਸੁਖਦੇਵ ਦੀ ਵਾਰੀ ਆਈ ਤਾਂ ਉਸ ਨੇ ਸਲਾਮੀ ਦੇਣ ਤੋਂ ਇਨਕਾਰ ਕਰ ਦਿੱਤਾ। ਮੁੱਖ ਅਧਿਆਪਕ ਨੇ ਵੀ ਸੁਖਦੇਵ ਨੂੰ ਮਨਾਉਣ ਦੀ ਕੋਸ਼ਸ਼ ਕੀਤੀ ਪਰ ਉਸ ਨੇ ਸਾਫ਼ ਇਨਕਾਰ ਕਰ ਦਿੱਤਾ। ਅੰਗਰੇਜ਼ ਅਫ਼ਸਰ ਅੱਗ-ਬਗੋਲਾ ਹੋ ਗਿਆ। ਸਲਾਮੀ ਨਾ ਦੇਣ ਕਰਕੇ ਸੁਖਦੇਵ ਨੂੰ ਸਕੂਲ ਦੇ ਮੁੱਖ ਅਧਿਆਪਕ ਤੋਂ ਮਾਰ ਵੀ ਖਾਣੀ ਪਈ। ਜਦੋਂ ਸੁਖਦੇਵ ਸਲਾਮੀ ਦੇਣ ਲਈ ਨਾ ਮੰਨਿਆ ਤਾਂ ਅੰਗਰੇਜ਼ ਅਫ਼ਸਰ ਛਿੱਥਾ ਜਿਹਾ ਹੋ ਕੇ ਮੁੱਖ ਅਧਿਆਪਕ ਅਤੇ ਬਾਕੀ ਅਧਿਆਪਕਾਂ ਨੂੰ ਘੂਰਨ ਲੱਗ ਪਿਆ। ਫੇਰ ਜਿੰਨੇ ਦਿਨ ਸਕੂਲ ਵਿੱਚ ਸਲਾਮੀ ਦੇਣ ਦਾ ਸਿਲਸਿਲਾ ਚੱਲਦਾ ਰਿਹਾ, ਓਨੇ ਦਿਨ ਸੁਖਦੇਵ ਸਕੂਲ ਨਹੀਂ ਗਿਆ।

ਭਾਵੇਂ ਇਸ ਘਟਨਾ ਸਮੇਂ ਸੁਖਦੇਵ ਦੀ ਉਮਰ 12 ਸਾਲ ਸੀ ਪਰ ਉਸ ਦੇ ਮਨ ਵਿੱਚ ਅੰਗਰੇਜ਼ਾਂ ਪ੍ਰਤਿ ਨਫ਼ਰਤ ਪੈਦਾ ਹੋ ਚੁੱਕੀ ਸੀ। ਇਸ ਤਰ੍ਹਾਂ ਦੀਆਂ ਸਲਾਮੀਆਂ ਲੈਣ ਤੋਂ ਅੰਗਰੇਜ਼ਾਂ ਦਾ ਇਹ ਭਾਵ ਸੀ ਕਿ ਹਿੰਦੁਸਤਾਨੀਆਂ ਨੂੰ ਦਬਾ ਕੇ ਰੱਖਿਆ ਜਾਵੇ ਅਤੇ ਗ਼ੁਲਾਮੀ ਦਾ ਅਹਿਸਾਸ ਕਰਵਾਇਆ ਜਾਵੇ।

ਬਾਲ ਸੁਖਦੇਵ ਦੀ ਅੰਗਰੇਜ਼ ਹਕੂਮਤ ਨਾਲ਼ ਇਹ ਪਹਿਲੀ ਟੱਕਰ ਸੀ। ਭਾਵੇਂ ਦੇਖਣ ਨੂੰ ਇਹ ਨਿੱਕੀ ਜਿਹੀ ਘਟਨਾ ਲੱਗਦੀ ਸੀ ਪਰ ਅਸਲ 'ਚ ਇਹ ਨਿੱਕੀ ਜਿਹੀ ਘਟਨਾ ਨਹੀਂ ਸੀ ਸਗੋਂ ਵੱਡੀ ਜੁਰਅਤ ਵਾਲ਼ੀ ਘਟਨਾ ਸੀ। ਇਸ ਘਟਨਾ ਨੇ ਸੁਖਦੇਵ ਨੂੰ ਆਪਣੇ ਇਰਾਦੇ ਵਿੱਚ ਹੋਰ ਪੱਕਾ ਕਰ ਦਿੱਤਾ ਸੀ।

ਸੁਖਦੇਵ ਦੇ ਤਾਇਆ ਜੀ ਲਾਲਾ ਚਿੰਤ ਰਾਮ ਅਤੇ ਭਗਤ ਸਿੰਘ ਦੇ ਪਿਤਾ ਸ. ਕਿਸ਼ਨ ਸਿੰਘ ਦਾ ਇੱਕ-ਦੂਜੇ ਦੇ ਘਰ ਆਉਣ-ਜਾਣ ਸੀ। ਸੁਖਦੇਵ ਦਾ ਪਰਿਵਾਰ ਲਾਇਲਪੁਰ ਵਿੱਚ ਰਹਿ ਰਿਹਾ ਸੀ ਅਤੇ ਭਗਤ ਸਿੰਘ ਦਾ ਪਰਿਵਾਰ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਬੰਗਾ, ਚੱਕ ਨੰ. 105 ਜੀ.ਬੀ. ਵਿੱਚ ਰਹਿ ਰਿਹਾ ਸੀ। ਇੱਕ-ਦੋ ਵਾਰ ਜਦੋਂ ਕਿਸ਼ਨ ਸਿੰਘ, ਲਾਲਾ ਚਿੰਤ ਰਾਮ ਦੇ ਘਰ ਲਾਇਲਪੁਰ ਵਿਖੇ ਆਏ ਤਾਂ ਉਹਨਾਂ ਦਾ ਪੁੱਤਰ ਬਾਲ ਭਗਤ ਸਿੰਘ ਵੀ ਉਹਨਾਂ ਦੇ ਨਾਲ਼ ਹੁੰਦਾ ਸੀ। ਕਿਸ਼ਨ ਸਿੰਘ ਤੇ ਚਿੰਤ ਰਾਮ ਆਪਣੀਆਂ ਗੱਲਾਂ ਵਿੱਚ ਰੁੱਝ ਜਾਂਦੇ। ਸੁਖਦੇਵ ਅਤੇ

ਭਗਤ ਸਿੰਘ ਹਾਣੀ ਹੋਣ ਕਰਕੇ ਆਪਸ ਵਿੱਚ ਖੇਡਣ ਲੱਗ ਜਾਂਦੇ। ਉਹ ਮਿੱਟੀ ਦੇ ਘਰ ਬਣਾਉਣ ਦੀ ਖੇਡ ਖੇਡਦੇ। ਉਹ ਮਿੱਟੀ ਦੇ ਘਰ ਬਣਾਉਂਦੇ ਅਤੇ ਖੇਡਣ ਪਿੱਛੋਂ ਆਪ ਹੀ ਢਾਹ ਦਿੰਦੇ। ਮਿੱਟੀ 'ਤੇ ਉਹਨਾਂ ਦੀਆਂ ਨਿੱਕੀਆਂ-ਨਿੱਕੀਆਂ ਪੈੜਾਂ ਚਮਕਦੀਆਂ ਰਹਿੰਦੀਆਂ। ਇਸ ਤਰ੍ਹਾਂ ਸੁਖਦੇਵ ਅਤੇ ਭਗਤ ਸਿੰਘ ਦੀ ਬਚਪਨ ਵਿੱਚ ਹੀ ਆੜੀ ਪੈ ਚੁੱਕੀ ਸੀ। ਕੀ ਪਤਾ ਸੀ ਕਿ ਇਹਨਾਂ ਦੀ ਬਚਪਨ ਵਿੱਚ ਪਈ ਆੜੀ ਸਿਰਫ਼ ਵਿਦਿਆਰਥੀ ਜੀਵਨ ਤੱਕ ਹੀ ਸੀਮਿਤ ਨਹੀਂ ਰਹੇਗੀ ਸਗੋਂ ਫਾਂਸੀ ਤੱਕ ਨਿਭੇਗੀ।



## ਪਾਠ-ਅਭਿਆਸ



### 1. ਯਾਦ ਰੱਖਣਯੋਗ ਗੱਲਾਂ :

- ਸ਼ਹੀਦ ਸੁਖਦੇਵ ਦਾ ਜਨਮ ਲੁਧਿਆਣਾ ਵਿੱਚ ਹੋਇਆ।
- ਜੱਲ੍ਹਿਆਂਵਾਲ਼ੇ ਬਾਗ਼ ਦਾ ਸਾਕਾ 13 ਅਪ੍ਰੈਲ, 1919 ਨੂੰ ਵਾਪਰਿਆ।
- 23 ਮਾਰਚ, 1931 ਨੂੰ ਸੁਖਦੇਵ ਨੂੰ ਭਗਤ ਸਿੰਘ ਅਤੇ ਰਾਜਗੁਰੂ ਦੇ ਨਾਲ਼ ਫਾਂਸੀ ਦਿੱਤੀ ਗਈ।

### 2. ਪੜ੍ਹੋ ਅਤੇ ਸਮਝੋ :

| | | |
|---|---|---|
| (ੳ) ਅਜ਼ਾਦੀ | : | ਸੁਤੰਤਰਤਾ, ਆਪਣੀ ਮਰਜ਼ੀ ਨਾਲ਼ ਚੱਲਣ ਦਾ ਭਾਵ |
| (ਅ) ਝੁਰਮਟ | : | ਇਕੱਠ |
| (ੲ) ਚਿੜਚਿੜਾ | : | ਖਿਝਣ ਵਾਲ਼ਾ, ਖਿਝੂ ਸੁਭਾਅ |
| (ਸ) ਹੁਸ਼ਿਆਰੀ | : | ਚੁਸਤੀ, ਚਲਾਕੀ |
| (ਹ) ਤਾਇਨਾਤ | : | ਨਿਯੁਕਤ ਕਰਨਾ |
| (ਕ) ਛਿੱਥਾ | : | ਸ਼ਰਮਿੰਦਾ |
| (ਖ) ਪੈੜਾਂ | : | ਪੈਰਾਂ ਦੇ ਨਿਸ਼ਾਨ |

### 3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਸੁਖਦੇਵ ਦੇ ਮਾਤਾ ਜੀ ਦਾ ਨਾਂ .......................... ਸੀ।

(ਅ) ਸੁਖਦੇਵ ਲਾਇਲਪੁਰ ਦੇ .......................... ਸਕੂਲ 'ਚ ਪੜ੍ਹਦਾ ਸੀ।

(ੲ) ਅੰਗਰੇਜ਼ ਅਫ਼ਸਰ .......................... ਹੋ ਗਿਆ।

(ਸ) ਅੰਗਰੇਜ਼ ਹਕੂਮਤ ਨਾਲ਼ ਸੁਖਦੇਵ ਦੀ ਇਹ ........................ ਟੱਕਰ ਸੀ।

(ਹ) ਸੁਖਦੇਵ ਦਾ ਪਰਿਵਾਰ ........................ ਵਿਖੇ ਰਹਿੰਦਾ ਸੀ।

*(ਅੱਗ-ਬਗੋਲਾ, ਪਹਿਲੀ, ਲਾਇਲਪੁਰ, ਰਲ਼ੀ ਦੇਈ, ਸਨਾਤਨ ਧਰਮ)*

4. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

**(ੳ) ਸੁਖਦੇਵ ਦਾ ਜਨਮ ਕਦੋਂ ਹੋਇਆ ?**

................................................................................................................

................................................................................................................

................................................................................................................

................................................................................................................

**(ਅ) ਸੁਖਦੇਵ ਦੀ ਚਚੇਰੀ ਭੈਣ ਦਾ ਕੀ ਨਾਂ ਸੀ ਅਤੇ ਉਹ ਸੁਖਦੇਵ ਨਾਲ਼ ਕਿਸ ਤਰ੍ਹਾਂ ਦਾ ਵਰਤਾਅ ਕਰਦੀ ਸੀ ?**

................................................................................................................

................................................................................................................

................................................................................................................

................................................................................................................

**(ੲ) ਜਦੋਂ ਬੱਚਾ ਖੂਹ ਵਿੱਚ ਡਿਗ ਪਿਆ ਤਾਂ ਸੁਖਦੇਵ ਨੇ ਉਸ ਨੂੰ ਬਚਾਉਣ ਲਈ ਕੀ ਕੀਤਾ ?**

................................................................................................................

................................................................................................................

................................................................................................................

................................................................................................................

**(ਸ) ਜੱਲ੍ਹਿਆਂਵਾਲ਼ੇ ਬਾਗ ਦੇ ਸਾਕੇ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਸਾਰੇ ਪੰਜਾਬ ਵਿੱਚ ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਕੀ ਕੀਤਾ ?**

................................................................................................................

................................................................................................................

................................................................................................................

................................................................................................................

(ਹ) ਸੁਖਦੇਵ ਦੇ ਭਗਤ ਸਿੰਘ ਨਾਲ਼ ਸੰਬੰਧ ਕਿਵੇਂ ਬਣੇ ?

..........................................................................................

..........................................................................................

..........................................................................................

..........................................................................................

5. ਹੇਠ ਲਿਖੇ ਕੌਣ ਸਨ ?

(ੳ) ਸੁਖਦੇਵ : ..................................................................................
..................................................................................

(ਅ) ਗੌਰਾਂ : ..................................................................................
..................................................................................

(ੲ) ਰਹੀਮਣ : ..................................................................................
..................................................................................

(ਸ) ਕਿਸ਼ਨ ਸਿੰਘ : ..................................................................................
..................................................................................

6. ਅਧਿਆਪਕ ਆਪ ਬੋਲ ਕੇ ਵਿਦਿਆਰਥੀਆਂ ਨੂੰ ਲਿਖਣ ਲਈ ਕਹੇ।

— ਉਹ ਭਗਤ ਸਿੰਘ ਦਾ ਨੇੜੇ ਦਾ ਸਾਥੀ ਸੀ।


— ਗੌਰਾਂ ਸੁਖਦੇਵ ਤੋਂ ਸੱਤ ਸਾਲ ਵੱਡੀ ਸੀ।

— ਉਸ ਦਾ ਸੁਭਾਅ ਚਿੜਚਿੜਾ ਸੀ।

— ਸੁਖਦੇਵ ਅਤੇ ਭਗਤ ਸਿੰਘ ਖੇਡਣ ਲੱਗ ਜਾਂਦੇ।

— ਇਹ ਘਟਨਾ ਨਿੱਕੀ ਨਹੀਂ ਸੀ।

7. ਪਾਠ ਦੇ ਆਧਾਰ 'ਤੇ ਹੇਠਾਂ ਦਿੱਤੇ ਗੋਲ਼ ਚੱਕਰਾਂ ਵਿੱਚ ਬਾਲ ਸੁਖਦੇਵ ਦੇ ਸੁਭਾਅ/ ਬਚਪਨ ਬਾਰੇ ਜਾਣਕਾਰੀ ਲਿਖੋ :





ਅਧਿਆਪਕ ਵਿਦਿਆਰਥੀਆਂ ਨੂੰ ਭਾਰਤ ਦੀ ਅਜ਼ਾਦੀ ਦੀ ਲੜਾਈ ਵਿੱਚ ਹਿੱਸਾ ਪਾਉਣ ਵਾਲ਼ੇ ਹੋਰਨਾਂ ਦੇਸ-ਭਗਤਾਂ ਬਾਰੇ ਜਾਣਕਾਰੀ ਦੇ ਕੇ ਦੇਸ-ਭਗਤੀ ਦੀ ਭਾਵਨਾ ਪੈਦਾ ਕਰੇ।

*****

## ਪਾਠ - 4

# ਹਾਥੀ



ਸਾਡੇ ਪਿੰਡ ਵਿੱਚ, ਹਾਥੀ ਆਇਆ,
ਤੁਰਦਾ ਲੱਗੇ ਪਹਾੜ।
ਵੇਖ ਕੇ ਉਸ ਨੂੰ ਕੁੱਤੇ ਭੌਂਕੇ,
ਖੁੱਲ੍ਹੇ ਬੰਦ ਕਿਵਾੜ।

ਛੱਜਾਂ ਵਰਗੇ ਕੰਨ ਸੀ ਉਹਦੇ,
ਚੱਕੀ-ਪੁੜ ਜਿਹੇ ਪੈਰ।
ਜੋ ਵੀ ਉਹਨਾਂ ਹੇਠ ਆ ਗਿਆ,
ਨਹੀਂ ਰਤਾ ਵੀ ਖ਼ੈਰ।
ਪੇਟ ਭਰਨ ਲਈ ਟੱਪ ਗਿਆ ਉਹ,
ਹਰੇ ਖੇਤ ਦੀ ਵਾੜ।


ਮੂੰਹ 'ਚੋਂ ਨਿਕਲ਼ੇ ਦੰਦ,
ਜਿਵੇਂ ਦੋ ਲਿਸ਼ਕਦੀਆਂ ਤਲਵਾਰਾਂ।
ਅੱਖਾਂ ਤੋਂ ਸ਼ਰਮਾਕਲ਼ ਜਾਪੇ,
ਜਦ ਮੈਂ ਝਾਤੀ ਮਾਰਾਂ।
ਤੁਰਦਾ ਬੇਪਰਵਾਹਾਂ ਵਾਂਗੂੰ,
ਸਿਰ ਤੋਂ ਬੋਝ ਉਤਾਰ।





ਲੰਮ-ਸਲੰਮੀ ਸੁੰਡ ਸੀ ਉਹਦੀ,
ਹੋਵੇ ਜਿਵੇਂ ਸਰਾਲ਼।
ਇੱਕੋ ਵਾਰ 'ਚ ਥੱਬਾ ਚਾਰਾ,
ਪੁੱਟ ਲਵੇ ਉਸ ਨਾਲ਼।
ਕੁਝ ਨੂੰ ਤਾਂ ਉਹ ਨਿਗਲ਼ ਗਿਆ ਸੀ,
ਕੁਝ ਨੂੰ ਗਿਆ ਲਿਤਾੜ।

ਭਰ-ਭਰ ਸੁੰਡ ਫੁਹਾਰੇ ਛੱਡੇ,
ਜਦੋਂ ਨਹਿਰ ਵਿੱਚ ਨ੍ਹਾਵੇ।
ਇਉਂ ਲੱਗਦਾ ਸੀ ਨ੍ਹਾ ਕੇ ਉਸ ਨੂੰ,
ਮਜ਼ਾ ਬੜਾ ਹੀ ਆਵੇ।
ਪਲ ਵਿੱਚ ਉਸ ਨੂੰ ਭੁੱਲ ਗਿਆ ਸੀ,
ਤਪਦਾ, ਭਖਦਾ ਹਾੜ੍ਹ।



ਸਾਡੇ ਪਿੰਡ ਵਿੱਚ ਹਾਥੀ ਆਇਆ,
ਤੁਰਦਾ ਲੱਗੇ ਪਹਾੜ।
ਵੇਖ ਕੇ ਉਸ ਨੂੰ ਕੁੱਤੇ ਭੌਂਕੇ,
ਖੁੱਲ੍ਹੇ ਬੰਦ ਕਿਵਾੜ।

## ਪਾਠ-ਅਭਿਆਸ

**1. ਇੱਕੋ-ਜਿਹੇ ਤੁਕਾਂਤ ਵਾਲ਼ੇ ਸ਼ਬਦ ਲਿਖੋ :**

(ੳ) ਪਹਾੜ - ਕਿਵਾੜ, ਲਿਤਾੜ, ਵਿਗਾੜ

(ਅ) ਪੈਰ - .......................... .......................... ..........................
.........................., .........................., ..........................

(ੲ) ਆਵੇ - .......................... .......................... ..........................
.........................., .........................., ..........................

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਹਾਥੀ ਤੁਰਦਾ ਹੋਇਆ ਕਿਹੋ-ਜਿਹਾ ਲੱਗਦਾ ਹੈ ?

..................................................................................................
..................................................................................................
..................................................................................................
..................................................................................................

(ਅ) ਹਾਥੀ ਦੇ ਕੰਨ ਕਿਹੋ-ਜਿਹੇ ਹੁੰਦੇ ਹਨ ?

..................................................................................................
..................................................................................................
..................................................................................................
..................................................................................................

(ੲ) ਹਾਥੀ ਦੇ ਮੂੰਹ 'ਚੋਂ ਨਿਕਲ਼ੇ ਦੰਦ ਕਿਵੇਂ ਲੱਗਦੇ ਹਨ ?

..................................................................................................
..................................................................................................
..................................................................................................
..................................................................................................

(ਸ) ਹਾਥੀ ਦੀ ਸੁੰਡ ਕਿਹੋ-ਜਿਹੀ ਹੁੰਦੀ ਹੈ ?

.............................................................................................

.............................................................................................

.............................................................................................

.............................................................................................

(ਹ) ਨਹਿਰ ਵਿੱਚ ਨ੍ਹਾਉਂਦਾ ਹਾਥੀ ਕੀ ਕਰ ਰਿਹਾ ਸੀ ?

.............................................................................................

.............................................................................................

.............................................................................................

.............................................................................................

## 3. ਮਿਲਾਣ ਕਰੋ :

| | |
|---|---|
| ਕਿਵਾੜ | ਖੇਤ ਦੁਆਲ਼ੇ ਲਾਈ ਕੰਡਿਆਲ਼ੀ ਤਾਰ |
| ਵਾੜ | ਛਾਲ਼ ਮਾਰ ਕੇ ਲੰਘਣਾ |
| ਝਾਤੀ | ਕੁਚਲ |
| ਟੱਪ | ਦਰਵਾਜ਼ਾ |
| ਲਿਤਾੜ | ਵੇਖਣਾ |



4. ਹਾਥੀ ਬਾਰੇ ਦਸ ਵਾਕ ਲਿਖੋ :

....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................
....................................................................................................

.

\

5. ਘਰ ਵਿੱਚ ਜ਼ਰੂਰੀ ਕੰਮ ਹੋਣ ਕਾਰਨ ਸਕੂਲ ਵਿੱਚੋਂ ਛੁੱਟੀ ਲੈਣ ਲਈ ਅਰਜ਼ੀ ਲਿਖੋ।

..........................................

..........................................

..................................................

..................................................

..................................................

..................................................

..................................................

..................................................

..........................................

..........................................

..............................................................

..............................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

..................................................

..................................................


.......................................... ..................................................

.......................................... ..................................................

..................................................

..................................................

6. ਬਿੰਦੀਆਂ ਨੂੰ ਆਪਸ ਵਿੱਚ ਮਿਲ਼ਾਓ ਅਤੇ ਰੰਗ ਭਰੋ :



ਅਧਿਆਪਕ ਵਿਦਿਆਰਥੀਆਂ ਨੂੰ ਰੋਜ਼ਾਨਾ ਜੀਵਨ ਵਿੱਚ ਅਰਜ਼ੀ ਲਿਖਣ ਦੀ ਲੋੜ ਦਾ ਅਨੁਭਵ ਕਰਵਾਉਣ ਉਪਰੰਤ, ਅਰਜ਼ੀ ਲਿਖਣ ਦਾ ਢੰਗ ਸਿਖਾਉਣ।

*****

## ਪਾਠ-5

# ਵੀਰੂ ਤੇ ਮੰਗੂ

"ਮਾਂ! ਮੈਨੂੰ ਭੁੱਖ ਲੱਗੀ ਹੋਈ ਏ," ਵੀਰੂ ਮੇਮਣਾ ਛਾਲ਼ਾਂ ਮਾਰਦਾ ਆਪਣੀ ਮਾਂ ਕੋਲ਼ ਆ ਗਿਆ।

"ਪੁੱਤਰ! ਹੁਣ ਤੂੰ ਵੱਡਾ ਹੋ ਗਿਆ ਏਂ, ਹੁਣ ਘਾਹ-ਪੱਤਾ ਚੁਗਿਆ ਕਰ," ਮਾਂ ਨੇ ਵੀਰੂ ਨੂੰ ਪਿਆਰ ਨਾਲ਼ ਕਿਹਾ।

"ਮਾਂ! ਘਾਹ-ਪੱਤਾ ਤਾਂ ਕੁਸੈਲ਼ਾ ਜਿਹਾ ਹੁੰਦੈ, ਮੇਰੀ ਜੀਭ ਕੌੜੀ ਹੋ ਜਾਂਦੀ ਆ।" ਵੀਰੂ ਮਾਂ ਦਾ ਦੁੱਧ ਪੀ ਕੇ ਉਸ ਨਾਲ਼ ਲਾਡ ਕਰਨ ਲੱਗ ਪਿਆ।

"ਪੁੱਤ! ਦੁੱਧ ਪੀ ਲਿਆ, ਹੁਣ ਤੂੰ ਪਰੇ ਜਾ ਕੇ ਛੋਟੇ ਵੀਰ ਨਾਲ਼ ਖੇਡ," ਮਾਂ ਨੇ ਭਾਗ ਆਜੜੀ ਨੂੰ ਆਉਂਦਿਆਂ ਦੇਖ ਕੇ ਵੀਰੂ ਨੂੰ ਕਿਹਾ।

"ਇਹ ਮੇਰੀ ਮਾਂ ਨੂੰ ਮਾਰਦਾ ਰਹਿੰਦੈ। ਮੈਂ ਵੀ ਵੱਡਾ ਹੋ ਕੇ ਇਹਨੂੰ ਸਿੰਗਾਂ 'ਤੇ ਚੱਕੂੰ।" ਵੀਰੂ ਟਪੂਸੀਆਂ ਮਾਰਦਾ ਮਾਂ ਦੇ ਪਿੱਛੇ-ਪਿੱਛੇ ਭੱਜਿਆ ਜਾ ਰਿਹਾ ਸੀ। ਉਹ ਆਪਣੀ ਮਾਂ ਤੋਂ ਪਰੇ ਨਹੀਂ ਸੀ ਜਾਣਾ ਚਾਹੁੰਦਾ।

ਭਾਗ ਆਜੜੀ ਦੁੱਧ ਦੇਣ ਵਾਲ਼ੀਆਂ ਬੱਕਰੀਆਂ ਨੂੰ ਹਮੇਸ਼ਾਂ ਉਹਨਾਂ ਦੇ ਮੇਮਣਿਆਂ ਤੋਂ ਪਰੇ ਰੱਖਦਾ। ਛੋਟੇ-ਛੋਟੇ ਮੇਮਣਿਆਂ ਨੂੰ ਘਾਹ-ਪੱਤਾ ਚੰਗਾ ਨਹੀਂ ਸੀ ਲੱਗਦਾ ਇਸ ਲਈ ਵੀਰੂ ਤੇ ਮੰਗੂ ਮਾਂ ਦਾ ਦੁੱਧ ਪੀਣ ਲਈ ਮੌਕਾ ਲੱਭਦੇ ਰਹਿੰਦੇ।

"ਮੰਗੂ! ਭਲਾ ਰੀਸ ਏ ਕੋਈ ਮਾਂ ਦੇ ਦੁੱਧ ਦੀ.....ਆ....ਹਾ.....ਆ.....ਹਾ!" ਵੀਰੂ ਨੇ ਆਪਣੇ ਛੋਟੇ ਭਰਾ ਮੰਗੂ ਕੋਲ਼ ਜਾਂਦਿਆਂ ਕਿਹਾ।

"ਚੱਲ ਵੀਰ, ਚੰਗਾ ਹੋਇਆ, ਤੂੰ ਤਾਂ ਰੱਜ ਆਇਐਂ। ਮੈਨੂੰ ਤਾਂ ਭਾਗ ਆਪਣੀ ਗੋਦੀ ਚੁੱਕੀ ਰੱਖਦੈ, ਦੁੱਧ ਦੀ ਘੁੱਟ ਵੀ ਨਹੀਂ ਪੀਣ ਦਿੰਦਾ।" "ਤੂੰ ਵੀ ਹਿੰਮਤ ਕਰ ਲੈ!" ਵੀਰੂ ਨੇ ਮੰਗੂ ਨੂੰ ਹੌਸਲਾ ਦਿੱਤਾ।

"ਹਾਂ ਵੀਰ, ਪਰ ਮੈਂ ਅਜੇ ਛੋਟਾ ਹਾਂ।"

"ਚੰਗਾ, ਮੈਂ ਤੇਰੇ ਲਈ ਕੋਈ ਹੀਲਾ ਕਰਦਾਂ।"



"ਛੱਡ ਵੀਰ, ਰਹਿਣ ਦੇ, ਭਾਗ ਐਵੇਂ ਈ ਮਾਂ ਨੂੰ ਮਾਰੂਗਾ। ਚੱਲ, ਆਪਾਂ ਘਾਹ ਚੁਗੀਏ।" ਉਹ ਦੋਵੇਂ ਛਾਲ਼ਾਂ ਮਾਰਦੇ ਚਲੇ ਗਏ। ਥੋੜ੍ਹੀ ਦੇਰ ਬਾਅਦ ਉਹਨਾਂ ਦੇ ਦੋਸਤ ਡੱਬੂ ਤੇ ਕਾਲ਼ਾ ਵੀ ਆ ਗਏ।

"ਓਏ ਭਾਗ! ਆਪਣੀਆਂ ਬੱਕਰੀਆਂ ਸਾਂਭ, ਮੇਰਾ ਖੇਤ ਉਜਾੜਨਗੀਆਂ," ਦੂਰੋਂ ਅਵਾਜ਼ ਆਈ।

"ਭਲਾ, ਇਹ 'ਵਾਜਾਂ ਕੌਣ ਮਾਰਦੈ ?" ਮੰਗੂ ਨੇ ਆਪਣੇ ਵੱਡੇ ਭਰਾ ਵੀਰੂ ਤੋਂ ਪੁੱਛਿਆ।

"ਇਹ ਜਗੀਰਾ ਕਿਰਸਾਣ ਐ। ਮਾਂ ਦੱਸਦੀ ਸੀ, ਇਹ ਸਾਰੇ ਖੇਤ ਉਸ ਦੇ ਹੀ ਨੇ, ਨਾਲ਼ੇ ਉਹ ਕਹਿੰਦੀ ਸੀ, ਖੇਤਾਂ ਵਿੱਚੋਂ ਘਾਹ-ਪੱਤਾ ਨਾ ਚੁਗਿਆ ਕਰੋ.......।" ਵੀਰੂ ਨੇ ਘਾਹ ਨੂੰ ਮੂੰਹ ਮਾਰਨਾ ਛੱਡ ਕੇ ਮੰਗੂ ਨੂੰ ਕਿਹਾ।

"ਫਿਰ ਆਪਾਂ ਚਰੀਏ ਕਿੱਥੇ ?" ਮੰਗੂ ਬੋਲਿਆ।

"ਮਾਂ ਨੇ ਮੈਨੂੰ ਦੱਸਿਆ ਸੀ, ਪਹਿਲਾਂ ਘਾਹ-ਪੱਤਾ ਬਹੁਤ ਹੁੰਦਾ ਸੀ। ਹੁਣ ਤਾਂ ਘਾਹ ਦੀ ਤਿੜ੍ਹ ਵੀ ਭਾਲ਼ੀ ਨਹੀਂ ਲੱਭਦੀ।" ਵੀਰੂ ਨੇ ਦੂਰ ਖੇਤਾਂ ਵੱਲ ਨਜ਼ਰ ਘੁਮਾਈ। "ਭਲਾ ਵੀਰੂ, ਆਪਾਂ ਤਾਂ ਘਾਹ-ਪੱਤਾ ਖਾ ਕੇ ਗੁਜ਼ਾਰਾ ਕਰ ਲਵਾਂਗੇ............ ਬੰਦੇ ਕੀ ਖਾਣਗੇ ?"

"ਇਹ ਗੱਲ ਉਹੀਓ ਸੋਚਣ, ਚੱਲ ਆਪਾਂ ਲੁੰਗ ਖਾਈਏ।"

"ਓਏ! ਮਾਰ ਲਓ ਮੂੰਹ ਲੁੰਗ ਨੂੰ, ਸੁੰਘ ਕੇ ਈ ਹਟ ਗਏ!" ਅੱਜ ਭਾਗ ਨੇ ਛੋਟੇ-ਛੋਟੇ ਮੇਮਣਿਆਂ ਲਈ ਦਾਤ ਨਾਲ਼ ਕਿੱਕਰ ਛਾਂਗੀ ਸੀ। ਭਾਗ ਹਰ ਰੋਜ਼ ਹੀ ਕਿੱਕਰ, ਬੇਰੀ ਜਾਂ ਤੂਤ

ਦੀਆਂ ਲਗਰਾਂ ਵੱਢ ਕੇ ਮੇਮਣਿਆਂ ਨੂੰ ਪਾਉਂਦਾ ਸੀ ਤਾਂਜੋ ਉਹ ਰੱਜ ਕੇ ਦੁੱਧ ਦੀ ਝਾਕ ਨਾ ਰੱਖਣ।

"ਮੰਗੂ ਵੀਰੇ! ਅਸੀਂ ਨਹੀਂ ਖਾਣੀ ਲੁੰਗ, ਭਾਗ ਆਜੜੀ ਹਰ ਰੋਜ਼ ਕੋਈ ਨਾ ਕੋਈ ਰੁੱਖ ਵੱਢ ਦਿੰਦੈ।" ਵੀਰੂ ਰੋਸੇ ਜਿਹੇ ਨਾਲ਼ ਬੋਲਿਆ।

"ਯਾਰ! ਮਾਂ ਦਾ ਦੁੱਧ ਵੀ ਪੀਣ ਨੂੰ ਨਹੀਂ ਮਿਲ਼ਦਾ, ਆਪਾਂ ਫਿਰ ਭੁੱਖੇ ਮਰੀਏ?" ਮੰਗੂ, ਡੱਬੂ ਤੇ ਕਾਲ਼ਾ ਇੱਕ-ਦੂਜੇ ਦੇ ਮੂੰਹ ਵੱਲ ਦੇਖਣ ਲੱਗ ਪਏ।

"ਐਂ ਤਾਂ ਸਾਰੇ ਰੁੱਖ ਮੁੱਕ ਜਾਣਗੇ। ਫਿਰ ਮੀਂਹ ਪੈਣ ਤੋਂ ਹਟ ਜਾਣਗੇ। ਧਰਤੀ ਬੰਜਰ ਹੋ ਜਾਊ।" ਵੀਰੂ ਨੇ ਰੋਣਹਾਕਾ ਮੂੰਹ ਬਣਾ ਕੇ ਕਿਹਾ।

"ਅੱਛਾ! ਪਰ ਤੈਨੂੰ ਕਿਵੇਂ ਪਤਾ?" ਸਾਰੇ ਮੇਮਣੇ ਵੀਰੂ ਦੇ ਆਲ਼ੇ-ਦੁਆਲ਼ੇ ਇਕੱਠੇ ਹੋ ਗਏ।

"ਪਿਛਲੇ ਦਿਨੀਂ ਸ਼ਹਿਰ ਤੋਂ ਇੱਕ ਬੰਦਾ ਖੇਤ ਦੇਖਣ ਆਇਆ ਸੀ.... ਮੈਂ ਤੇ ਮਾਂ ਨੇ ਸਾਰਾ ਕੁਝ ਉਸ ਦੇ ਮੂੰਹੋਂ ਸੁਣਿਆ। ਨਾਲ਼ੇ ਉਹ ਆਖਦਾ ਸੀ, ਜੇ ਇਸੇ ਤਰ੍ਹਾਂ ਹੀ ਰੁੱਖ ਵੱਢੇ ਜਾਂਦੇ ਰਹੇ ਤਾਂ ਪਾਣੀ ਦੀ ਘਾਟ ਹੋ ਜਾਊ। ਹੋਰ ਤਾਂ ਹੋਰ ਸਾਹ ਲੈਣ ਵਾਲ਼ੀ ਹਵਾ ਵੀ ਠੀਕ ਨਹੀਂ ਰਹਿਣੀ।" ਵੀਰੂ ਦੀ ਗੱਲ ਸੁਣ ਕੇ ਉਹ ਸਾਰੇ ਸੋਚੀਂ ਪੈ ਗਏ।

## ਪਾਠ-ਅਭਿਆਸ

**1. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਵੀਰੂ ਤੇ ਮੰਗੂ .......................... ਦਾ ਦੁੱਧ ਪੀਣ ਲਈ ਮੌਕਾ ਲੱਭਦੇ ਰਹਿੰਦੇ।

(ਅ) ਹੁਣ ਤਾਂ .......................... ਦੀ ਤਿੜ੍ਹ ਵੀ ਭਾਲ਼ੀ ਨਹੀਂ ਲੱਭਦੀ।

(ੲ) ਆਪਾਂ ਤਾਂ .......................... ਖਾ ਕੇ ਗੁਜ਼ਾਰਾ ਕਰ ਲਵਾਂਗੇ।

(ਸ) ਭਾਗ ਨੇ ਛੋਟੇ-ਛੋਟੇ ਮੇਮਣਿਆਂ ਲਈ .......................... ਨਾਲ਼ ਕਿੱਕਰ ਛਾਂਗੀ ਸੀ।

(ਹ) ਸ਼ਹਿਰ ਤੋਂ ਇੱਕ ਬੰਦਾ .......................... ਦੇਖਣ ਆਇਆ ਸੀ।

*( ਦਾਤ, ਘਾਹ-ਪੱਤਾ, ਖੇਤ, ਘਾਹ, ਮਾਂ )*

## 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਮੇਮਣਿਆਂ ਨੂੰ ਘਾਹ-ਪੱਤਾ ਕਿਹੋ-ਜਿਹਾ ਲੱਗਦਾ ਸੀ ?

..........................................................................................

..........................................................................................

..........................................................................................

..........................................................................................

(ਅ) ਭਾਗ ਹਰ ਰੋਜ਼ ਰੁੱਖਾਂ ਦੀਆਂ ਲਗਰਾਂ ਵੱਢ ਕੇ ਮੇਮਣਿਆਂ ਨੂੰ ਕਿਉਂ ਪਾਉਂਦਾ ਸੀ ?

..........................................................................................

..........................................................................................

..........................................................................................

..........................................................................................

(ੲ) ਵੀਰੂ ਨੇ ਰੋਣਹਾਕਾ ਮੂੰਹ ਬਣਾ ਕੇ ਮੰਗੂ ਨੂੰ ਕੀ ਕਿਹਾ ?

..........................................................................................

..........................................................................................

..........................................................................................

..........................................................................................

(ਸ) ਸ਼ਹਿਰ ਤੋਂ ਆਏ ਬੰਦੇ ਨੇ ਕੀ ਆਖਿਆ ?

..........................................................................................

..........................................................................................

..........................................................................................

..........................................................................................

## 3. ਪੜ੍ਹੋ, ਸਮਝੋ ਅਤੇ ਲਿਖੋ :

ਮਾਂ : ਪਿਓ

ਮੇਮਣਾ : ..........................

..........................

ਵੀਰ : ..........................

..........................

ਪੁੱਤਰ : ........................
........................

ਬੱਕਰੀ : ........................
........................

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਕੁਸੈਲ਼ਾ : ..................................................................................
..................................................................................

(ਅ) ਹਿੰਮਤ : ..................................................................................
..................................................................................

(ੲ) ਗੁਜ਼ਾਰਾ : ..................................................................................
..................................................................................

(ਸ) ਬੰਜਰ : ..................................................................................
..................................................................................

(ਹ) ਆਲ਼ੇ-ਦੁਆਲ਼ੇ : ..................................................................................
..................................................................................

## 5. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

(ੳ) "ਪੁੱਤਰ ! ਤੂੰ ਵੱਡਾ ਹੋ ਗਿਆ ਏਂ, ਹੁਣ ਘਾਹ-ਪੱਤਾ ਚੁਗਿਆ ਕਰ।"

..........................................................................................
..........................................................................................

(ਅ) "ਤੂੰ ਵੀ ਹਿੰਮਤ ਕਰ ਲੈ।"

..........................................................................................
..........................................................................................

(ੲ) "ਭਲਾ, ਇਹ 'ਵਾਜਾਂ ਕੌਣ ਮਾਰਦੈ ?"

..........................................................................................
..........................................................................................

(ਸ)"ਅਸੀਂ ਨਹੀਂ ਖਾਣੀ ਲੁੰਗ, ਭਾਗ ਆਜੜੀ ਹਰ ਰੋਜ਼ ਕੋਈ ਨਾ ਕੋਈ ਰੁੱਖ ਵੱਢ ਦਿੰਦੈ।"

.................................................................................................

.................................................................................................

6. **ਅਧਿਆਪਕ ਹੇਠ ਲਿਖੀਆਂ ਸਤਰਾਂ ਬੋਲ ਕੇ ਵਿਦਿਆਰਥੀਆਂ ਨੂੰ ਲਿਖਣ ਲਈ ਕਹੇ :**

— ਮੇਰੀ ਜੀਭ ਕੌੜੀ ਹੋ ਗਈ।

— ਆਜੜੀ ਬੱਕਰੀਆਂ ਚਾਰ ਰਿਹਾ ਸੀ।

— ਚੱਲ, ਆਪਾਂ ਘਾਹ ਚੁਗੀਏ।

— ਇਹ ਜਗੀਰਾ ਕਿਰਸਾਣ ਹੈ।

— ਵੀਰੂ ਨੇ ਖੇਤਾਂ ਵੱਲ ਨਜ਼ਰ ਘੁਮਾਈ।

— ਮੀਂਹ ਘੱਟ ਪੈਣ ਲੱਗ ਪਏ ਸਨ।

— ਵੀਰੂ ਨੇ ਰੋਣਹਾਕਾ ਮੂੰਹ ਬਣਾਇਆ।

7. **ਹੇਠ ਦਿੱਤੇ ਵਿਸ਼ੇ 'ਤੇ ਲੇਖ ਲਿਖੋ :**

### ਮੇਰਾ ਪਿੰਡ/ਸ਼ਹਿਰ

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

......................................................................................................

......................................................................................................

......................................................................................................

......................................................................................................

......................................................................................................

......................................................................................................

......................................................................................................


......................................................................................................

**ਅਧਿਆਪਕ ਸ਼੍ਰੇਣੀ ਵਿੱਚ ਸੰਬੰਧਿਤ ਵਿਸ਼ੇ ਉੱਪਰ ਵਿਦਿਆਰਥੀਆਂ ਨਾਲ਼ ਵਿਸਤਾਰ ਨਾਲ਼ ਚਰਚਾ ਕਰੇ ਅਤੇ ਉਹਨਾਂ ਨੂੰ ਆਪਣੇ-ਆਪ ਲੇਖ ਲਿਖਣ ਲਈ ਪ੍ਰੇਰਿਤ ਕਰੇ।**

*****

## ਪਾਠ - 6

# ਗੁਟਰ-ਗੂੰ.....ਗੁਟਰ-ਗੂੰ



ਗੁਟਰ-ਗੂੰ...........
ਗੁਟਰ-ਗੂੰ...........
ਲੋਕ ਕਹਿਣ ਮੈਨੂੰ ਚੀਨਾ, ਗੋਲਾ,
ਰੰਗ-ਬਰੰਗਾ, ਬੁੱਝ ਲੈ ਤੂੰ.....।

ਖੰਭ ਨੇ ਮੇਰੇ ਰੰਗ-ਬਰੰਗੇ,
ਚਿੱਟੇ, ਕਾਲ਼ੇ, ਲੱਗਦੇ ਚੰਗੇ।
ਲਾਲ, ਬਿੰਦਾ ਤੇ ਲੋਟਣ, ਗੋਲਾ,
ਕਿੰਨੇ ਹੀ ਮੇਰੇ ਨਾਂ ਨੇ ਊਂ.....।
ਗੁਟਰ-ਗੂੰ ....... ਗੁਟਰ-ਗੂੰ....।

ਮੌਜਾਂ ਨਾਲ਼ ਮੈਂ ਚੁਗਦਾ ਦਾਣੇ,
ਚੋਗਾ ਜਦ ਵੀ ਪਾਉਣ ਨਿਆਣੇ।
ਤੋਤਲਿਆਂ ਨਾਲ਼ ਗੱਲਾਂ ਕਰਦਾ,
ਚੋਗੇ ਵੱਲ ਵੀ ਰੱਖਦਾ ਮੂੰਹ.....।
ਗੁਟਰ-ਗੂੰ ....... ਗੁਟਰ-ਗੂੰ....।



ਅੰਬਰੀਂ ਜਦੋਂ ਉਡਾਰੀ ਲਾਵਾਂ,
ਬੱਦਲ਼ਾਂ ਤੋਂ ਉੱਚਾ ਉੱਡ ਜਾਵਾਂ।
ਘਰ ਦਾ ਮੈਂ ਰਾਹ ਨਹੀਂ ਭੁੱਲਦਾ,
ਮੁੜ ਆਵਾਂ ਆਥਣ ਨੂੰ.......।
ਗੁਟਰ-ਗੂੰ ....... ਗੁਟਰ-ਗੂੰ....।

ਕਦੇ ਕਿਸੇ ਢੋਲ ਦੀ ਚਿੱਠੀ,
ਮਰਗ, ਵਿਆਹ ਦੀ ਕੌੜੀ-ਮਿੱਠੀ।
ਖ਼ਬਰਾਂ ਮੈਂ ਹੀ ਪਹੁੰਚਾਉਂਦਾ ਸੀ,
ਕਦੇ ਨਾ ਕਰਦਾ ਚੂੰ-ਚਾਂ-ਚੂੰ.....।
ਗੁਟਰ-ਗੂੰ ....... ਗੁਟਰ-ਗੂੰ....।



ਮੈਂ ਗਾਵਾਂ ਗੀਤ ਅਮਨ ਦਾ,
ਭਲਾ ਲੋੜਦਾ ਸਭਨਾਂ ਦਾ।
ਰਲ਼ ਕੇ ਰਹਿਣਾ ਮੈਥੋਂ ਸਿੱਖੋ,
ਮਨ 'ਚੋਂ ਕੱਢੋ ਨਫ਼ਰਤ ਨੂੰ....।
ਗੁਟਰ-ਗੂੰ ....... ਗੁਟਰ-ਗੂੰ....।



# ਪਾਠ-ਅਭਿਆਸ

**1. ਸਤਰਾਂ ਪੂਰੀਆਂ ਕਰੋ :**

.................................................. ਬਰੰਗੇ।
..................................................

.................................................. ਚੰਗੇ।
..................................................

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) "ਗੁਟਰ-ਗੂੰ ...... ਗੁਟਰ-ਗੂੰ...", ਕਿਹੜਾ ਪੰਛੀ ਬੋਲਦਾ ਹੈ ?

..................................................
..................................................

..................................................
..................................................

(ਅ) ਕਬੂਤਰ ਦੇ ਖੰਭ ਕਿਹੜੇ-ਕਿਹੜੇ ਰੰਗਾਂ ਦੇ ਹੁੰਦੇ ਹਨ ?

..................................................
..................................................

..................................................
..................................................

(ੲ) ਕਬੂਤਰ ਦੇ ਹੋਰ ਨਾਂ ਲਿਖੋ।

..................................................
..................................................

..................................................
..................................................

(ਸ) ਕਬੂਤਰ ਤੋਂ ਕੀ ਕੰਮ ਲਿਆ ਜਾਂਦਾ ਸੀ ?

..................................................
..................................................

..........................................................................................................

..........................................................................................................

(ਹ) ਕਬੂਤਰ ਕਿਹੜਾ ਗੀਤ ਗਾਉਂਦਾ ਹੈ ?

..........................................................................................................

..........................................................................................................

..........................................................................................................

..........................................................................................................

### 3. ਪੜ੍ਹੋ, ਸਮਝੋ ਅਤੇ ਲਿਖੋ :

| | | |
|---|---|---|
| ਨਿਆਣੇ | : | ਸਿਆਣੇ |
| ਉੱਚਾ | : | ........................... ........................... |
| ਆਥਣ | : | ........................... ........................... |
| ਕੌੜੀ | : | ........................... ........................... |
| ਕਾਲ਼ੇ | : | ........................... ........................... |
| ਬੁਰਾ | : | ........................... ........................... |
| ਚੰਗੇ | : | ........................... ........................... |

### 4. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :


— **ਮਰਗ** : ਮਰਗ ਦਾ ਅਰਥ ਹੈ 'ਮਿਰਤੂ'। ਇਸ ਲਈ 'ਮੌਤ' ਤੇ 'ਕਾਲ਼' ਸ਼ਬਦ ਵੀ ਵਰਤਿਆ ਜਾਂਦਾ ਹੈ।

— **ਆਥਣ** : ਆਥਣ ਦਾ ਅਰਥ ਹੈ 'ਸੰਝ'। ਇਸ ਲਈ 'ਤਕਾਲ਼ਾਂ' ਤੇ 'ਸ਼ਾਮ' ਸ਼ਬਦ ਵੀ ਵਰਤਿਆ ਜਾਂਦਾ ਹੈ।

5. **ਸੋਹਣਾ ਕਰਕੇ ਲਿਖੋ :**

ਮੈਂ ਗਾਵਾਂ ਗੀਤ ਅਮਨ ਦਾ,
ਭਲਾ ਲੋੜਦਾ ਸਭਨਾਂ ਦਾ।
ਰਲ਼ ਕੇ ਰਹਿਣਾ ਮੈਥੋਂ ਸਿੱਖੋ,
ਮਨ 'ਚੋਂ ਕੱਢੋ ਨਫ਼ਰਤ ਨੂੰ....।
ਗੁਟਰ-ਗੂੰ ....... ਗੁਟਰ-ਗੂੰ....।

6. **ਹੇਠਾਂ ਦਿੱਤੇ ਚੱਕਰਾਂ ਵਿੱਚ ਕਬੂਤਰ ਨਾਲ਼ ਸੰਬੰਧਿਤ ਸ਼ਬਦ ਲਿਖੋ:**




**ਕੋਈ ਦਸ ਪੰਛੀਆਂ ਦੇ ਨਾਂ ਯਾਦ ਕਰੋ।**

## ਪਾਠ-7

# ਨਾਨੀ ਦੀ ਸਿੱਖਿਆ

ਬੁੱਧੂ ਬੁੱਧਵਾਰ ਵਾਲ਼ੇ ਦਿਨ ਜੰਮਿਆ ਸੀ। ਉਸ ਦੀ ਨਾਨੀ ਨੇ ਉਸ ਦਾ ਨਾਂ ਬੁੱਧ ਰਾਮ ਰੱਖਿਆ। ਨਾਨੀ ਦੀ ਇੱਛਾ ਸੀ ਕਿ ਉਸ ਦਾ ਦੋਹਤਾ ਬੁੱਧੀ ਵਾਲ਼ਾ ਹੋਵੇ। ਹੋਇਆ ਇਹ ਕਿ ਬੁੱਧ ਰਾਮ ਦਸ ਵਰ੍ਹਿਆਂ ਦਾ ਹੋ ਕੇ ਵੀ ਪੜ੍ਹਨੇ ਨਹੀਂ ਪਿਆ। ਬੁੱਧ ਰਾਮ ਦੀ ਮਾਂ ਉਸ ਨੂੰ ਸਕੂਲ ਲੈ ਕੇ ਜਾਂਦੀ ਪਰ ਉਹ ਘਰ ਨੂੰ ਭੱਜ ਆਉਂਦਾ। ਬੁੱਧ ਰਾਮ ਸਾਰਾ ਦਿਨ ਖੇਡਦਾ ਰਹਿੰਦਾ। ਫਿਰ ਖਾ-ਪੀ ਕੇ ਸੌਂ ਜਾਂਦਾ। ਕੰਮ ਵੀ ਕੋਈ ਨਾ ਕਰਦਾ। ਉਸ ਨੂੰ ਨਿਕੰਮਾ ਜਾਣ ਕੇ ਸਾਰਿਆਂ ਨੇ ਉਸ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਬੁੱਧੂ ਦਾ ਮਤਲਬ ਸੀ—ਸਿੱਧੜ।

ਇੱਕ ਦਿਨ ਉਹ ਆਪਣੇ ਨਾਨਕੇ ਜਾਣ ਦੀ ਜ਼ਿਦ ਕਰਨ ਲੱਗਾ। ਮਾਂ ਨੇ ਸੋਚਿਆ, "ਠੀਕ ਹੈ...... ਨਾਨਕੇ ਜਾ ਆਵੇ। ਇੱਥੇ ਵੀ ਇਸ ਨੇ ਵਿਹਲਿਆਂ ਹੀ ਘੁੰਮਣਾ ਹੈ।"

ਬੁੱਧੂ ਨੇ ਨਵੇਂ ਕੱਪੜੇ ਪਾਏ ਤੇ ਪੈਰਾਂ ਵਿੱਚ ਨਵੀਂ ਜੁੱਤੀ ਪਾ ਲਈ। ਇਹ ਤੁਰਨ ਵੇਲ਼ੇ ਚੀਂ-ਚੀਂ ਕਰਦੀ। ਬੁੱਧੂ ਨੂੰ ਚਾਅ ਚੜ੍ਹ ਗਿਆ। "ਮਾਂ! ਮੈਂ ਜਾਵਾਂ?" ਉਸ ਨੇ ਮਾਂ ਤੋਂ ਪੁੱਛਿਆ। "ਉੱਡ ਜਾ...... ਉੱਡ ਜਾ।" ਮਾਂ ਨੇ ਖਹਿੜਾ ਛੁਡਾਉਣ ਲਈ ਕਿਹਾ।

ਬੁੱਧੂ ਤੁਰਦਾ ਗਿਆ।ਨਾਲ਼ ਹੀ ਮਾਂ ਦੇ ਕਹੇ ਸ਼ਬਦ,'ਉੱਡ ਜਾ...... ਉੱਡ ਜਾ!' ਬੋਲਣ ਲੱਗਿਆ। ਰਾਹ ਵਿੱਚ ਇੱਕ ਬੀੜ ਸੀ। ਇੱਕ ਸ਼ਿਕਾਰੀ ਨੇ ਸ਼ਿਕਾਰ ਨੂੰ ਫੜਨ ਲਈ ਜਾਲ਼ ਵਿਛਾਇਆ ਹੋਇਆ ਸੀ। ਇੱਕ ਤਾਂ ਬੁੱਧੂ ਦੀ ਜੁੱਤੀ ਦੀ ਅਵਾਜ਼ ਆ ਰਹੀ ਸੀ, ਦੂਜਾ, ਉਹ 'ਉੱਡ ਜਾ......ਉੱਡ ਜਾ!' ਕਹਿੰਦਾ ਜਾਂਦਾ ਸੀ। ਜਦੋਂ ਉਹ ਜਾਲ਼ ਦੇ ਨੇੜੇ ਆਇਆ ਤਾਂ ਜਾਲ਼ ਵਿੱਚ ਫਸਣ ਤੋਂ ਪਹਿਲਾਂ ਹੀ ਪੰਛੀ ਉੱਡ ਗਏ। ਸ਼ਿਕਾਰੀ ਨੂੰ ਬੜਾ ਗ਼ੁੱਸਾ ਚੜ੍ਹਿਆ। ਉਸ ਨੇ ਬੁੱਧੂ ਨੂੰ ਖ਼ੂਬ ਡਾਂਟਿਆ ਅਤੇ ਆਖਿਆ, "ਮੂਰਖਾ! ਜੇ ਚੁੱਪ ਨਹੀਂ ਰਹਿ ਹੁੰਦਾ, ਫਿਰ ਇਹ ਕਹਿੰਦਾ ਜਾਵੀਂ - "ਆਈ ਜਾਓ, ਫਸੀ ਜਾਓ।"

ਬੁੱਧੂ ਆਪਣੇ ਰਾਹ ਤੁਰ ਪਿਆ। ਹੁਣ ਉਸ ਦੇ ਮੂੰਹੋਂ ਇਹੋ ਬੋਲ ਨਿਕਲ਼ਦੇ,"ਆਈ ਜਾਓ, ਫਸੀ ਜਾਓ।" ਅੱਗੇ ਕੁਝ ਚੋਰ ਛੁਪੇ ਬੈਠੇ ਸਨ। ਉਹ ਚੋਰੀ ਕਰਨ ਦੀ ਸੋਚ ਰਹੇ ਸਨ। ਉਹਨਾਂ

ਨੂੰ ਬੁੱਧੂ ਦੇ ਬੋਲ ਬਹੁਤ ਬੁਰੇ ਲੱਗੇ। ਉਹਨਾਂ ਨੇ ਵੀ ਬੁੱਧੂ ਨੂੰ ਬੁਰਾ-ਭਲਾ ਕਿਹਾ। ਫਿਰ ਉਹਨਾਂ ਨੇ ਕਿਹਾ,"ਜੇ ਤੂੰ ਬੋਲਣਾ ਹੀ ਸੀ ਤਾਂ ਆਖਦਾ — "ਲਿਆਈ ਜਾਓ, ਰੱਖੀ ਜਾਓ।"



ਚੋਰਾਂ ਦਾ ਸਮਝਾਇਆ ਉਹ ਅੱਗੇ ਤੁਰ ਪਿਆ। ਉਹ ਕਿਸੇ ਪਿੰਡ ਦੀਆਂ ਮੜ੍ਹੀਆਂ ਕੋਲ਼ੋਂ ਲੰਘਿਆ। ਉਸ ਪਿੰਡ ਦੇ ਲੋਕ ਇੱਕ ਨੌਜਵਾਨ ਦੀ ਅਰਥੀ ਚੁੱਕੀ ਮੜ੍ਹੀਆਂ ਵੱਲ ਜਾ ਰਹੇ ਸਨ। ਉਹਨਾਂ ਨੇ ਬੁੱਧੂ ਦੇ ਬੋਲ 'ਲਿਆਈ ਜਾਓ, ਰੱਖੀ ਜਾਓ' ਸੁਣੇ ਤਾਂ ਪਿੰਡ ਦੇ ਲੋਕ ਗ਼ੁੱਸੇ ਨਾਲ਼ ਭਰ ਗਏ। ਇੱਕ ਬਜ਼ੁਰਗ ਨੇ ਖਿਝ ਕੇ ਕਿਹਾ,"ਤੈਨੂੰ ਚੰਗਾ ਬੋਲਣਾ ਨਹੀਂ ਸਿਖਾਇਆ, ਕਿਸੇ ਨੇ?" ਇੱਥੇ ਤਾਂ ਹਰ ਕੋਈ ਕਹਿ ਰਿਹਾ ਹੈ, "ਐਹੋ-ਜਿਹੀ ਕਿਸੇ ਨਾਲ਼ ਨਾ ਹੋਵੇ।"

ਅੱਗੇ ਤੁਰਦਿਆਂ ਬੁੱਧੂ ਮੁੜ-ਮੁੜ ਆਖੇ,"ਐਹੋ-ਜਿਹੀ ਕਿਸੇ ਨਾਲ਼ ਨਾ ਹੋਵੇ।"

ਅਗਲੇ ਪਿੰਡ ਵਿੱਚ ਇੱਕ ਕੁੜੀ ਦਾ ਵਿਆਹ ਸੀ। ਸਾਰਾ ਪਰਿਵਾਰ ਅਤੇ ਰਿਸ਼ਤੇਦਾਰ ਖ਼ੁਸ਼ ਸਨ। ਉਹਨਾਂ ਦੇ ਕੋਲ਼ੋਂ ਲੰਘਦਿਆਂ ਬੁੱਧੂ ਬੋਲਿਆ,"ਐਹੋ-ਜਿਹੀ ਕਿਸੇ ਨਾਲ਼ ਨਾ ਹੋਵੇ।" ਸੁਣਨ ਵਾਲ਼ਿਆਂ ਨੂੰ ਬੁੱਧੂ ਬੜਾ ਮੂਰਖ ਲੱਗਿਆ। ਫਿਰ ਇੱਕ ਨੇ ਸਮਝਾਇਆ,"ਇਹ ਆਖੀਦਾ ਹੈ ਕਿ ਅਜਿਹੀ ਹਰੇਕ ਦੇ ਘਰ ਹੋਵੇ।"

ਸਿੱਧੜ ਬੁੱਧੂ ਅੱਗੇ ਤੁਰਦਾ, ਇਹੋ ਬੋਲਦਾ ਗਿਆ। ਥੋੜ੍ਹੀ ਦੂਰ ਅੱਗੇ ਕਿਸੇ ਕਿਰਸਾਣ ਦੀ ਪੱਕੀ ਕਣਕ ਨੂੰ ਅੱਗ ਲੱਗੀ ਹੋਈ ਸੀ। ਲੋਕੀਂ ਅੱਗ ਬੁਝਾ ਰਹੇ ਸਨ। ਉਹ ਅੱਗ ਉੱਪਰ ਪਾਣੀ ਪਾ ਰਹੇ ਸਨ। ਬੁੱਧੂ ਦੇ ਬੋਲ ਸੁਣ-ਸੁਣ ਕੇ ਦੁਖੀ ਹੋਏ ਕਿਰਸਾਣ ਨੇ ਉਸ ਦੇ ਚੰਗੇ ਕੰਨ ਪੁੱਟੇ।

"ਹਾਏ ਰੱਬਾ! ਮੈਂ ਹੁਣ ਕੀ ਕਰਾਂ?" ਉਸ ਨੇ ਕੂਕ ਮਾਰੀ।

"ਤੂੰ ਚੁੱਪ ਕਰਕੇ ਤੁਰਦਾ ਹੋ!" ਏਨਾ ਆਖਦਿਆਂ ਕਿਰਸਾਣ ਪਾਣੀ ਦੀ ਬਾਲਟੀ ਭਰਨ ਲਈ ਨੱਠ ਗਿਆ।

ਬੁੱਧੂ ਆਪਣੇ ਨਾਨਕੇ ਪਹੁੰਚਿਆ। ਰਾਤ ਨੂੰ ਉਸ ਨੇ ਆਪਣੀ ਨਾਨੀ ਨੂੰ ਆਪ-ਬੀਤੀ ਸੁਣਾਈ। ਤਦ ਨਾਨੀ ਨੇ ਸਮਝਾਇਆ, "ਜੇਕਰ ਤੂੰ ਅਨਪੜ੍ਹ ਰਿਹਾ ਤਾਂ ਹੀ ਬੁੱਧੂ ਬਣਿਆ। ਪੜ੍ਹਾਈ ਕਰ ਕੇ ਤੂੰ ਹੁਸ਼ਿਆਰ ਅਤੇ ਅਕਲਮੰਦ ਹੋ ਜਾਣਾ ਸੀ। ਫਿਰ ਤੂੰ ਬਿਨਾਂ ਮਤਲਬ ਨਹੀਂ ਸੀ ਬੋਲਣਾ। ਪੜ੍ਹੇ-ਲਿਖੇ ਮੁੰਡੇ-ਕੁੜੀਆਂ ਫ਼ਜ਼ੂਲ ਨਹੀਂ ਬੋਲਦੇ। ਜੇ ਬੋਲਣ ਦੀ ਲੋੜ ਹੋਵੇ ਤਾਂ ਸੋਚ-ਸਮਝ ਕੇ ਹੀ ਬੋਲਦੇ ਹਨ।"

ਬੁੱਧੂ ਨੂੰ ਨਾਨੀ ਦੀ ਕਹੀ ਗੱਲ ਸਮਝ ਆ ਗਈ। ਉਹ ਅਗਲੇ ਦਿਨ ਘਰ ਪਰਤ ਆਇਆ। ਫਿਰ ਮਾਂ ਨੂੰ ਕਹਿਣ ਲੱਗਿਆ, "ਕੱਲ੍ਹ ਤੋਂ ਮੈਂ ਪੜ੍ਹਨ ਲਈ ਸਕੂਲ ਜਾਵਾਂਗਾ।" "ਮੈਂ ਸਦਕੇ ਜਾਵਾਂ! ਮੇਰਾ ਬੁੱਧ ਰਾਮ!" ਕਹਿ ਕੇ ਮਾਂ ਨੇ ਉਸ ਨੂੰ ਬੁੱਕਲ਼ ਵਿੱਚ ਲੈ ਲਿਆ।



## ਪਾਠ-ਅਭਿਆਸ

**1. ਸ਼ਬਦ-ਅਰਥ :**

| | | |
|---|---|---|
| **ਚਾਅ ਚੜ੍ਹਨਾ** | : | ਬਹੁਤ ਖ਼ੁਸ਼ ਹੋਣਾ |
| **ਖਹਿੜਾ ਛੁਡਾਉਣਾ** | : | ਮਗਰੋਂ ਲਾਹੁਣਾ |
| **ਕੰਨ ਪੁੱਟਣਾ** | : | ਮੱਤ ਦੇਣੀ, ਸਜ਼ਾ ਦੇਣੀ |
| **ਸਦਕੇ ਜਾਣਾ** | : | ਕੁਰਬਾਨ ਜਾਣਾ |
| **ਬੁੱਕਲ਼ ਵਿੱਚ ਲੈਣਾ** | : | ਆਸਰਾ ਦੇਣਾ, ਪਿਆਰ ਕਰਨਾ |

2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਸ਼ਿਕਾਰੀ ਨੇ ਸ਼ਿਕਾਰ ਨੂੰ ਫੜਨ ਲਈ .......................... ਵਿਛਾਇਆ ਹੋਇਆ ਸੀ।

(ਅ) ਕੁਝ .......................... ਚੋਰੀ ਕਰਨ ਦੀ ਸੋਚ ਰਹੇ ਸਨ।

(ੲ) ਪਿੰਡ ਦੇ ਲੋਕ ਇੱਕ .......................... ਦੀ ਅਰਥੀ ਚੁੱਕੀ ਮੜ੍ਹੀਆਂ ਵੱਲ ਜਾ ਰਹੇ ਸਨ।

(ਸ) ਅਗਲੇ ਪਿੰਡ ਵਿੱਚ ਇੱਕ .......................... ਦਾ ਵਿਆਹ ਸੀ।

(ਹ) ਕਿਰਸਾਣ ਦੀ ਪੱਕੀ .......................... ਨੂੰ ਅੱਗ ਲੱਗੀ ਹੋਈ ਸੀ।

(ਚੋਰ, ਫ਼ਸਲ, ਲੜਕੀ, ਨੌਜਵਾਨ, ਜਾਲ਼)

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਬੁੱਧ ਰਾਮ ਦਾ ਇਹ ਨਾਂ ਕਿਸ ਨੇ ਅਤੇ ਕਿਉਂ ਰੱਖਿਆ ?

..........................................................................................................

..........................................................................................................

..........................................................................................................

..........................................................................................................

(ਅ) ਨਾਨਕੇ ਜਾਣ ਸਮੇਂ ਰਸਤੇ ਵਿੱਚ ਬੁੱਧੂ ਨੂੰ ਕੌਣ-ਕੌਣ ਮਿਲ਼ਿਆ ?

..........................................................................................................

..........................................................................................................

..........................................................................................................

..........................................................................................................

(ੲ) ਨਾਨਕੇ ਪਹੁੰਚ ਕੇ ਬੁੱਧੂ ਨੇ ਕੀ ਕੀਤਾ ?

..........................................................................................................

..........................................................................................................

..........................................................................................................

..........................................................................................................

(ਸ) ਨਾਨੀ ਨੇ ਬੁੱਧੂ ਨੂੰ ਕੀ ਸਮਝਾਇਆ ?

.......................................................................................................

.......................................................................................................

.......................................................................................................

.......................................................................................................

(ਹ) ਆਪਣੇ ਘਰ ਪਰਤ ਕੇ ਬੁੱਧੂ ਨੇ ਮਾਂ ਨੂੰ ਕੀ ਕਿਹਾ ?

.......................................................................................................

.......................................................................................................

.......................................................................................................

.......................................................................................................

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਨਿਕੰਮਾ : ..............................................................................

..............................................................................

(ਅ) ਸ਼ਿਕਾਰੀ : ..............................................................................

..............................................................................

(ੲ) ਆਪ-ਬੀਤੀ : ..............................................................................

..............................................................................

(ਸ) ਹੁਸ਼ਿਆਰ : ..............................................................................

..............................................................................


(ਹ) ਫ਼ਜ਼ੂਲ : ..............................................................................

..............................................................................

## 5. ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :

- **ਨਾਨਕੇ** : ਮਾਂ ਦੇ ਪੇਕੇ-ਘਰ ਨੂੰ ਨਾਨਕੇ ਕਹਿੰਦੇ ਹਨ।
- **ਦੋਹਤਾ** : ਧੀ ਦੇ ਪੁੱਤਰ ਨੂੰ ਦੋਹਤਾ ਕਹਿੰਦੇ ਹਨ।
- **ਬੀੜ** : ਜੰਗਲ਼
- **ਮੜ੍ਹੀਆਂ** : ਦਾਹ-ਸੰਸਕਾਰ ਕਰਨ ਲਈ ਬਣਾਈ ਥਾਂ।

6. ਬੁੱਧੂ ਦੇ ਸਫ਼ਰ ਦੌਰਾਨ ਉਸ ਨੂੰ ਕੌਣ-ਕੌਣ ਮਿਲ਼ਿਆ, ਹੇਠਾਂ ਦਿੱਤੇ ਗੋਲ਼ ਚੱਕਰਾਂ ਵਿੱਚ ਲਿਖੋ :




7. ਰਚਨਾਤਮਿਕ ਗਤੀਵਿਧੀ :

ਬੱਚਿਓ ! ਛੁੱਟੀਆਂ ਵਿੱਚ ਜਦੋਂ ਤੁਸੀਂ ਨਾਨਕੇ/ਰਿਸ਼ਤੇਦਾਰੀ ਵਿੱਚ ਗਏ ਸੀ ਤਾਂ ਤੁਸੀਂ ਰਸਤੇ ਵਿੱਚ ਜਾਂ ਉੱਥੇ ਰਹਿੰਦੇ ਹੋਇਆਂ ਕੀ ਕੁਝ ਦੇਖਿਆ ਅਤੇ ਕੀਤਾ ?

*****

## ਪਾਠ - 8

# ਬੁੱਝ ਤੂੰ ਮੇਰੀ ਬਾਤ



ਦੀਪੀ ਕਹਿੰਦਾ, "ਸੁਣ, ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।
ਐਸੀ ਇੱਕ ਮਸ਼ੀਨ ਉਹ ਕਿਹੜੀ,
ਜੋ ਬੰਦੇ ਲਈ ਦਾਤ।
ਉਹ ਕੇਵਲ ਨਾ ਗਿਣਨਾ ਜਾਣੇ,
ਅੱਖਰ ਜੋੜ ਵੀ ਸਕਦੀ।
ਜੋੜ, ਘਟਾਅ ਤੇ ਗੁਣਾ, ਵੰਡ ਤਾਂ,
ਪਲਾਂ-ਛਿਣਾਂ ਵਿੱਚ ਕਰਦੀ।
ਇਸ ਨੇ ਹੋਰ ਮਸ਼ੀਨਾਂ ਤਾਈਂ,
ਪਾ ਦਿੱਤੀ ਏ ਮਾਤ।"

ਦੀਪੀ ਕਹਿੰਦਾ, "ਸੁਣ, ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।

ਬਟਨ ਦਬਾ ਕੇ ਟਾਈਪ ਕਰੋ ਤੇ
ਫ਼ੀਡ, ਰਿਕਾਰਡ ਵੀ ਕਰ ਲਓ।
ਚਿੱਤਰ ਬਣਾ ਲਓ, ਭਾਵੇਂ ਰੰਗ ਵੀ;
ਮਨਮਰਜ਼ੀ ਦੇ ਭਰ ਲਓ।
ਵਾਇਰਸ ਹੋ ਜਾਏ, ਸਹਿ ਨਹੀਂ ਸਕਦੀ;
ਘੱਟਾ ਤੇ ਬਰਸਾਤ।"

ਦੀਪੀ ਕਹਿੰਦਾ, "ਸੁਣ, ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।
ਕੀਅ-ਬੋਰਡ ਦੇ ਵਾਂਗੂੰ ਇਸ ਦਾ,
ਹੈ ਮੁੱਖ ਅੰਗ ਮੋਨੀਟਰ।
ਬੰਦੇ ਦੇ ਕੰਮ ਕਰੇ ਅਨੇਕਾਂ,
ਕੀ ਘਰ ਤੇ ਕੀ ਦਫ਼ਤਰ।
ਕੰਮ ਕਰਦਿਆਂ ਜ਼ਰਾ ਨਾ ਥੱਕੇ,
ਵੇਖੇ ਨਾ ਦਿਨ-ਰਾਤ।"

ਦੀਪੀ ਕਹਿੰਦਾ, "ਸੁਣ ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।
ਅੱਜ-ਕੱਲ੍ਹ ਤਾਂ ਏ ਸਿੱਖਣਾ ਇਸ ਨੂੰ,
ਹੋਇਆ ਬੜਾ ਜ਼ਰੂਰੀ।
ਨਹੀਂ ਤਾਂ ਅੱਜ-ਕੱਲ੍ਹ ਸਿੱਖਿਆ ਇਸ ਦੇ,
ਬਾਝੋਂ ਰਹੇ ਅਧੂਰੀ।
ਦਿਓ ਕਮਾਂਡ ਤੇ ਸੁਣੋ ਮਿਊਜ਼ਿਕ,
ਅਜਬ ਹੈ ਇਹ ਕਰਾਮਾਤ।"

ਦੀਪੀ ਕਹਿੰਦਾ, "ਸੁਣ, ਓਏ ਜੀਤੀ!
ਬੁੱਝ ਤੂੰ ਮੇਰੀ ਬਾਤ।"



# ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| **ਮਸ਼ੀਨ** | : | ਪੇਚਾਂ ਅਤੇ ਪੁਰਜ਼ਿਆਂ ਦਾ ਬਣਿਆ ਉਹ ਜੰਤਰ ਜਿਸ ਨਾਲ਼ ਕੋਈ ਕੰਮ ਜਲਦੀ ਤੇ ਅਸਾਨੀ ਨਾਲ਼ ਹੋ ਜਾਂਦਾ ਹੈ। |
| **ਦਾਤ** | : | ਦਾਨ ਕੀਤੀ ਹੋਈ ਵਸਤੂ, ਬਖ਼ਸ਼ਸ਼ |
| **ਮਾਤ** | : | ਸਭ ਨੂੰ ਪਿੱਛੇ ਛੱਡ ਦੇਣਾ |
| **ਅਧੂਰੀ** | : | ਜੋ ਪੂਰੀ ਨਹੀਂ, ਅਪੂਰਨ |
| **ਅਜਬ** | : | ਹੈਰਾਨ ਕਰਨ ਵਾਲ਼ਾ, ਅਨੋਖਾ |
| **ਕਰਾਮਾਤ** | : | ਅਜੀਬ ਸ਼ਕਤੀ, ਅਣਹੋਣੀ ਬਾਤ |

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਦੀਪੀ ਨੇ ਕਿਹੜੀ ਮਸ਼ੀਨ ਦੀ ਬਾਤ ਪਾਈ ?

........................................................................................................

........................................................................................................

........................................................................................................

........................................................................................................

(ਅ) ਇਹ ਮਸ਼ੀਨ ਪਲਾਂ-ਛਿਣਾਂ ਵਿੱਚ ਕੀ ਕਰਦੀ ਹੈ ?

........................................................................................................

........................................................................................................

........................................................................................................

........................................................................................................

(ੲ) ਘੱਟਾ ਤੇ ਬਰਸਾਤ ਹੋਣ ਕਾਰਨ ਮਸ਼ੀਨ ਨੂੰ ਕੀ ਹੁੰਦਾ ਹੈ ?

..........................................................................................................

..........................................................................................................

..........................................................................................................

..........................................................................................................

(ਸ) ਇਸ ਮਸ਼ੀਨ ਦੀ ਵਰਤੋਂ ਕਿੱਥੇ-ਕਿੱਥੇ ਕੀਤੀ ਜਾਂਦੀ ਹੈ ?

..........................................................................................................

..........................................................................................................

..........................................................................................................

..........................................................................................................

(ਹ) ਅੱਜ-ਕੱਲ੍ਹ ਇਸ ਮਸ਼ੀਨ ਨੂੰ ਸਿੱਖਣਾ ਕਿਉਂ ਜ਼ਰੂਰੀ ਹੋ ਗਿਆ ਹੈ ?

..........................................................................................................

..........................................................................................................

..........................................................................................................

..........................................................................................................

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਮਸ਼ੀਨ : ..............................................................................

..............................................................................

(ਅ) ਚਿੱਤਰ : ..............................................................................

..............................................................................

(ੲ) ਬਰਸਾਤ : ..............................................................................

..............................................................................

(ਸ) ਦਫ਼ਤਰ : ..............................................................................

..............................................................................


(ਹ) ਸਿੱਖਿਆ : ..............................................................................

..............................................................................

4. ਇਸ ਕਵਿਤਾ ਵਿੱਚ ਕੰਪਿਊਟਰ ਨਾਲ਼ ਜੁੜੇ ਅੰਗਰੇਜ਼ੀ ਦੇ ਕੁਝ ਸ਼ਬਦ ਆਏ ਹਨ। ਇਹਨਾਂ ਦਾ ਗੁਰਮੁਖੀ ਸ਼ਬਦਾਂ ਨਾਲ਼ ਮਿਲਾਣ ਕਰੋ :

| | |
|---|---|
| ਬਟਨ | TYPE |
| ਟਾਈਪ | BUTTON |
| ਫ਼ੀਡ | VIRUS |
| ਵਾਇਰਸ | FEED |
| ਕੀਅ-ਬੋਰਡ | MONITOR |
| ਮੋਨੀਟਰ | KEY-BOARD |

5. ਕੰਪਿਊਟਰ ਦੇ ਭਾਗ :




**ਜੇਕਰ ਸਕੂਲ ਵਿੱਚ ਕੰਪਿਊਟਰ ਉਪਲਬਧ ਹੋਵੇ ਤਾਂ ਅਧਿਆਪਕ ਵਿਦਿਆਰਥੀਆਂ ਨੂੰ ਕੰਪਿਊਟਰ ਤੋਂ ਗਤੀਵਿਧੀ ਕਰਵਾਉਂਦਿਆਂ ਉਸ ਦੇ ਵੱਖ-ਵੱਖ ਭਾਗਾਂ ਬਾਰੇ ਜਾਣਕਾਰੀ ਦੇਵੇ।**

6. ਹੇਠ ਦਿੱਤੇ ਵਿਸ਼ੇ 'ਤੇ ਲੇਖ ਲਿਖੋ :

## ਮੇਰੀ ਕਿਤਾਬ

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

*****

## ਪਾਠ-9

# ਕਬੱਡੀ

ਕਬੱਡੀ ਪੰਜਾਬੀਆਂ ਦੀ ਮਨਪਸੰਦ ਖੇਡ ਹੈ। ਇਹ ਪੂਰੇ ਭਾਰਤ ਦੀ ਹਰਮਨ-ਪਿਆਰੀ ਖੇਡ ਹੈ। ਇਸ ਨੂੰ ਭਾਰਤ ਦੇ ਵੱਖ-ਵੱਖ ਭਾਗਾਂ ਵਿੱਚ ਵੱਖੋ-ਵੱਖਰੇ ਨਾਂਵਾਂ ਨਾਲ਼ ਜਾਣਿਆ ਜਾਂਦਾ ਹੈ। ਦੱਖਣ ਭਾਰਤ ਵਿੱਚ ਇਸ ਨੂੰ 'ਚੇਡੂ-ਗੁੱਡੂ'' ਕਹਿੰਦੇ ਹਨ। ਬੰਗਾਲ ਵਿੱਚ ਇਸ ਨੂੰ 'ਡੋ-ਡੋ' ਅਤੇ ਮਹਾਂਰਾਸ਼ਟਰ ਵਿੱਚ 'ਹੂ-ਤੂ-ਤੂ' ਕਿਹਾ ਜਾਂਦਾ ਹੈ। ਪੰਜਾਬ ਵਿੱਚ ਇਸ ਨੂੰ 'ਕਬੱਡੀ' ਜਾਂ 'ਕੌਡੀ' ਕਹਿੰਦੇ ਹਨ।



ਕਬੱਡੀ-ਖੇਡ ਦਾ ਜਨਮ ਤਾਮਿਲਨਾਡੂ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਹ 'ਜਲੀਕਟੂ' ਖੇਡ ਦੀ ਨਕਲ ਹੈ। ਜਲੀਕਟੂ ਖੇਡ ਵਿੱਚ ਖਿਡਾਰੀ ਨੂੰ ਸਾਨ੍ਹ ਕਾਬੂ ਕਰਨ ਦੀ ਚੁਣੌਤੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਕਬੱਡੀ ਵਿੱਚ ਕਬੱਡੀ ਪਾਉਣ ਵਾਲ਼ਾ ਖਿਡਾਰੀ ਵੀ ਇੱਕ ਤਰ੍ਹਾਂ ਨਾਲ਼ ਸਾਨ੍ਹ ਹੈ। ਵਿਰੋਧੀ ਟੀਮ ਦੇ ਖਿਡਾਰੀ ਉਸ ਨੂੰ ਕਾਬੂ ਕਰਨ ਦੀ ਕੋਸ਼ਸ਼ ਕਰਦੇ ਹਨ।

ਇਹ ਵੀ ਮੰਨਿਆ ਜਾਂਦਾ ਹੈ ਕਿ ਕਬੱਡੀ ਨੂੰ ਪਹਿਲਾਂ 'ਕੌਡ-ਕਬੱਡੀ' ਕਿਹਾ ਜਾਂਦਾ ਸੀ। 'ਕੌਡ-ਕਬੱਡੀ' ਦਾ ਮਤਲਬ ਹੈ- ਬਗ਼ੈਰ ਕਿਸੇ ਕਾਰਨ ਲੜਾਈ ਮੁੱਲ ਲੈਣੀ। ਕਬੱਡੀ ਪਾਉਣ ਗਿਆ ਖਿਡਾਰੀ ਬਗ਼ੈਰ ਕਾਰਨ ਲੜਾਈ ਲੜਨ ਗਿਆ ਵਿਅਕਤੀ ਹੈ। ਉਹ ਵਿਰੋਧੀ ਟੀਮ ਨੂੰ ਛੇੜ ਕੇ ਵਾਪਸ ਭੱਜ ਆਉਣ ਦੀ ਕੋਸ਼ਸ਼ ਕਰਦਾ ਹੈ। ਇਸ 'ਤੇ ਵਿਰੋਧੀ ਟੀਮ ਦੇ ਖਿਡਾਰੀ

ਉਸ ਨੂੰ ਕਾਬੂ ਕਰਦੇ ਹਨ। ਉਹ ਉਸ ਨੂੰ ਉਸ ਸਮੇਂ ਤੱਕ ਕਾਬੂ ਕਰਕੇ ਰੱਖਦੇ ਹਨ, ਜਿੰਨਾ ਚਿਰ ਉਹ ਹਾਰ ਨਹੀਂ ਮੰਨ ਲੈਂਦਾ। ਇਸ ਤਰ੍ਹਾਂ ਇਸ ਖੇਡ ਵਿੱਚ ਸਮਾਜਿਕ ਆਚਾਰ ਦੀ ਸਿਖਲਾਈ ਵੀ ਛੁਪੀ ਹੋਈ ਹੈ।

ਮੁੱਖ ਤੌਰ 'ਤੇ ਕਬੱਡੀ-ਖੇਡ ਦੇ ਦੋ ਰੂਪ ਹਨ- ਨੈਸ਼ਨਲ ਸਟਾਈਲ ਕਬੱਡੀ ਅਤੇ ਸਰਕਲ-ਸਟਾਈਲ ਕਬੱਡੀ। ਸਰਕਲ-ਸਟਾਈਲ ਕਬੱਡੀ ਨੂੰ ਪੰਜਾਬ ਸਟਾਈਲ ਕਬੱਡੀ ਵੀ ਕਿਹਾ ਜਾਂਦਾ ਹੈ। ਭਾਰਤੀ ਕਬੱਡੀ-ਫੈਡਰੇਸ਼ਨ ਵੱਲੋਂ ਨੈਸ਼ਨਲ-ਸਟਾਈਲ ਕਬੱਡੀ ਦੀ 'ਸੰਜੀਵਨੀ ਕਿਸਮ' ਪ੍ਰਵਾਨਿਤ ਹੈ। ਏਸ਼ੀਅਨ ਖੇਡਾਂ ਵਿੱਚ ਵੀ ਇਹੀ ਕਿਸਮ ਖੇਡੀ ਜਾਂਦੀ ਹੈ। ਸੰਜੀਵਨੀ ਕਬੱਡੀ ਵਿੱਚ ਖਿਡਾਰੀਆਂ ਦੇ 'ਸੁਰਜੀਤ ਹੋਣ' ਅਤੇ 'ਮਰ ਜਾਣ' ਦਾ ਨਿਯਮ ਹੈ। ਇੱਕ ਟੀਮ ਦੇ ਜਿੰਨੇ ਖਿਡਾਰੀ ਮਰ ਜਾਂਦੇ ਹਨ, ਵਿਰੋਧੀ ਟੀਮ ਦੇ ਓਨੇ ਖਿਡਾਰੀ ਸੁਰਜੀਤ ਹੋ ਜਾਂਦੇ ਹਨ ਅਤੇ ਓਨੇ ਅੰਕ ਵੀ ਮਿਲ਼ਦੇ ਹਨ।

ਨੈਸ਼ਨਲ ਸਟਾਈਲ ਕਬੱਡੀ ਇੱਕ ਆਇਤਾਕਾਰ ਮਿੱਟੀ ਦੇ ਪੋਲੇ ਮੈਦਾਨ ਵਿੱਚ ਖੇਡੀ ਜਾਂਦੀ ਹੈ। ਮੈਦਾਨ ਦੇ ਬਿਲਕੁਲ ਵਿਚਕਾਰ ਮੱਧ ਰੇਖਾ ਹੁੰਦੀ ਹੈ। ਇਹ ਖੇਡ-ਮੈਦਾਨ ਨੂੰ ਦੋ ਬਰਾਬਰ ਭਾਗਾਂ ਵਿੱਚ ਵੰਡਦੀ ਹੈ। ਜੂਨੀਅਰ ਖਿਡਾਰੀਆਂ ਅਤੇ ਇਸਤਰੀਆਂ ਲਈ ਮੈਦਾਨ ਛੋਟਾ ਹੁੰਦਾ



ਹੈ। ਪੂਰਾ ਮੈਚ ਵੀਹ-ਵੀਹ ਮਿੰਟ ਦੀਆਂ ਦੋ ਵਾਰੀਆਂ ਵਿੱਚ ਖੇਡਿਆ ਜਾਂਦਾ ਹੈ। ਵਾਰੀਆਂ ਦੇ ਵਿਚਕਾਰ ਪੰਜ ਮਿੰਟ ਦਾ ਸਮਾਂ ਅਰਾਮ ਲਈ ਹੁੰਦਾ ਹੈ। ਜੂਨੀਅਰ ਖਿਡਾਰੀਆਂ ਅਤੇ ਇਸਤਰੀਆਂ ਲਈ ਪੰਦਰਾਂ-ਪੰਦਰਾਂ ਮਿੰਟ ਦੀਆਂ ਦੋ ਵਾਰੀਆਂ ਹੁੰਦੀਆਂ ਹਨ।

ਕਬੱਡੀ ਦੋ ਟੋਲੀਆਂ ਵਿਚਕਾਰ ਖੇਡੀ ਜਾਂਦੀ ਹੈ। ਟੋਲੀਆਂ ਲਈ ਅੱਜ-ਕੱਲ੍ਹ 'ਟੀਮ' ਸ਼ਬਦ ਪ੍ਰਚਲਿਤ ਹੈ। ਹਰੇਕ ਟੀਮ ਵਿੱਚ ਬਾਰਾਂ ਖਿਡਾਰੀ ਹੁੰਦੇ ਹਨ। ਖੇਡ ਵਿੱਚ ਸੱਤ ਖਿਡਾਰੀ ਭਾਗ ਲੈਂਦੇ ਹਨ। ਪੰਜ ਖਿਡਾਰੀ ਵਾਧੂ ਹੁੰਦੇ ਹਨ। ਵਾਧੂ ਖਿਡਾਰੀ ਨੂੰ ਲੋੜ ਪੈਣ 'ਤੇ ਖੇਡ ਰਹੇ ਖਿਡਾਰੀ ਨਾਲ਼ ਬਦਲਿਆ ਜਾ ਸਕਦਾ ਹੈ। ਦੋਹਾਂ ਟੀਮਾਂ ਦੇ ਖਿਡਾਰੀ ਇੱਕ-ਇੱਕ ਕਰ ਕੇ ਵਾਰੀ-ਵਾਰੀ ਦੂਜੀ ਟੀਮ 'ਤੇ ਧਾਵਾ ਬੋਲਣ ਜਾਂਦੇ ਹਨ। ਇਸ ਨੂੰ 'ਕਬੱਡੀ ਪਾਉਣਾ' ਜਾਂ 'ਰੇਡ ਪਾਉਣਾ' ਕਿਹਾ ਜਾਂਦਾ ਹੈ। ਜੋ ਖਿਡਾਰੀ ਕਬੱਡੀ ਪਾਉਣ ਜਾਂਦਾ ਹੈ, ਉਸ ਨੂੰ 'ਧਾਵੀ' ਕਿਹਾ ਜਾਂਦਾ ਹੈ। ਧਾਵੀ ਵਿਰੋਧੀ ਟੀਮ ਦੇ ਖਿਡਾਰੀ ਨੂੰ ਛੂਹ ਕੇ ਵਾਪਸ ਆਪਣੇ ਮੈਦਾਨ ਵਿੱਚ ਆਉਣ ਦੀ ਕੋਸ਼ਸ਼ ਕਰਦਾ ਹੈ। ਦੂਜੀ ਟੀਮ ਦੇ ਖਿਡਾਰੀ ਉਸ ਨੂੰ ਅਜਿਹਾ ਕਰਕੇ ਵਾਪਸ ਪਰਤ ਜਾਣ ਤੋਂ ਰੋਕਦੇ ਹਨ। ਰੋਕਣ ਵਾਲ਼ੇ ਖਿਡਾਰੀਆਂ ਨੂੰ 'ਜਾਫੀ' ਕਿਹਾ ਜਾਂਦਾ ਹੈ।

ਨੈਸ਼ਨਲ ਸਟਾਈਲ ਕਬੱਡੀ ਵਿੱਚ ਜਾਫੀ ਧਾਵੀ ਨੂੰ ਸਮੂਹਿਕ ਰੂਪ ਵਿੱਚ ਰੋਕਦੇ ਹਨ। ਜੋ ਵੀ ਸਫਲ ਹੁੰਦਾ ਹੈ, ਉਸ ਨੂੰ ਅੰਕ ਪ੍ਰਾਪਤ ਹੁੰਦਾ ਹੈ। ਧਾਵੀ ਜਿੰਨੇ ਖਿਡਾਰੀਆਂ ਨੂੰ ਆਪਣੀ ਲਪੇਟ ਵਿੱਚ ਲੈਂਦਾ ਹੈ, ਉਸ ਨੂੰ ਉਸ ਹਿਸਾਬ ਨਾਲ਼ ਅੰਕ ਮਿਲ਼ਦੇ ਹਨ। ਧਾਵੀ ਨੇ ਇਹ ਕੰਮ ਇੱਕ ਨਿਸ਼ਚਿਤ ਸਮੇਂ ਵਿੱਚ ਜਾਂ ਸਾਹ ਟੁੱਟਣ ਤੋਂ ਪਹਿਲਾਂ-ਪਹਿਲਾਂ ਕਰਨਾ ਹੁੰਦਾ ਹੈ। ਧਾਵੀ ਦੇ ਸਾਹ ਦੀ ਪਰਖ ਲਈ ਉਸ ਨੂੰ 'ਕਬੱਡੀ-ਕਬੱਡੀ' ਬੋਲਣ ਲਈ ਕਿਹਾ ਜਾਂਦਾ ਹੈ। ਜੇ ਖਿਡਾਰੀ 'ਕਬੱਡੀ-ਕਬੱਡੀ' ਬੋਲਣਾ ਬੰਦ ਕਰ ਦੇਵੇ ਜਾਂ ਵਿਚਕਾਰ ਲੰਮਾ ਸਾਹ ਲੈ ਲਵੇ ਤਾਂ ਇਸ ਨੂੰ ਸਾਹ ਟੁੱਟਣਾ ਮੰਨਿਆ ਜਾਂਦਾ ਹੈ। ਇਸ 'ਤੇ ਵੀ ਵਿਰੋਧੀ ਟੀਮ ਨੂੰ ਇਕ ਅੰਕ ਪ੍ਰਾਪਤ ਹੁੰਦਾ ਹੈ। ਅੰਤ ਵਿੱਚ ਵੱਧ ਅੰਕ ਪ੍ਰਾਪਤ ਕਰਨ ਵਾਲ਼ੀ ਟੀਮ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ।

ਸਰਕਲ ਜਾਂ ਪੰਜਾਬ-ਸਟਾਈਲ ਕਬੱਡੀ ਗੋਲ਼ਾਕਾਰ ਖੇਡ-ਮੈਦਾਨ ਵਿੱਚ ਖੇਡੀ ਜਾਂਦੀ ਹੈ। ਸਰਕਲ ਸਟਾਈਲ ਕਬੱਡੀ ਵਿੱਚ ਜਾਫੀ ਸਮੂਹਿਕ ਰੂਪ ਵਿੱਚ ਧਾਵੀ ਨੂੰ ਕਾਬੂ ਨਹੀਂ ਕਰ ਸਕਦੇ। ਜਾਫੀ ਨੇ ਇਕੱਲਿਆਂ ਹੀ ਧਾਵੀ ਨੂੰ ਕਾਬੂ ਕਰਨਾ ਹੁੰਦਾ ਹੈ।

ਕਬੱਡੀ ਕਈ ਖੇਡਾਂ ਦਾ ਸੁਮੇਲ ਹੈ। ਖਿਡਾਰੀ ਵਿੱਚ ਚੋਖੀ ਸਰੀਰਿਕ ਸ਼ਕਤੀ, ਤੇਜ਼ ਰਫ਼ਤਾਰ, ਲੰਮਾ ਸਾਹ, ਚੁਸਤੀ ਅਤੇ ਫੁਰਤੀ ਦੇ ਗੁਣ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਕਬੱਡੀ ਇੱਕ ਸਖ਼ਤ ਖੇਡ ਹੈ। ਇਸ ਨੂੰ ਪਹਿਲਵਾਨੀ ਦੀ ਸ਼ਾਖ ਵੀ ਕਿਹਾ ਜਾਂਦਾ ਹੈ। ਉਂਞ ਇਸ ਖੇਡ ਨੂੰ ਕੁਸ਼ਤੀ ਵਿੱਚੋਂ ਨਿਕਲ਼ੀ ਵੀ ਸਮਝਿਆ ਜਾਂਦਾ ਹੈ। ਕੁਸ਼ਤੀ ਵਿੱਚ ਜਿੱਤ-ਹਾਰ ਲਈ ਲੰਮੀ ਉਡੀਕ ਕਰਨੀ ਪੈਂਦੀ ਸੀ। ਕਬੱਡੀ ਵਿੱਚ ਹਰ ਰੇਡ 'ਤੇ ਇੱਕ ਜਿੱਤ-ਹਾਰ ਸ਼ਾਮਲ ਹੈ। ਇਸ ਤਰ੍ਹਾਂ ਹਰ ਰੇਡ ਇੱਕ ਮਿੰਨੀ ਕੁਸ਼ਤੀ ਹੈ।

ਕਬੱਡੀ ਆਂਧਰਾ ਪ੍ਰਦੇਸ਼, ਬਿਹਾਰ, ਹਰਿਆਣਾ, ਕਰਨਾਟਕ, ਮਹਾਂਰਾਸ਼ਟਰ, ਪੰਜਾਬ, ਤਾਮਿਲਨਾਡੂ ਅਤੇ ਤੇਲੰਗਾਨਾ ਰਾਜਾਂ ਦੀ ਰਾਜ-ਖੇਡ ਹੈ। ਭਾਰਤ ਤੋਂ ਇਲਾਵਾ ਇਹ ਪਾਕਿਸਤਾਨ, ਸ੍ਰੀਲੰਕਾ, ਮਿਆਂਮਾਰ, ਨੇਪਾਲ ਅਤੇ ਕਈ ਹੋਰ ਦੇਸਾਂ ਵਿੱਚ ਵੀ ਖੇਡੀ ਜਾਂਦੀ ਹੈ। ਅਜੋਕੇ ਸਮੇਂ ਪੱਛਮੀ ਮੁਲਕਾਂ ਸਮੇਤ ਬਹੁਤ ਸਾਰੇ ਦੇਸਾਂ ਦੀਆਂ ਆਪਣੀਆਂ ਕਬੱਡੀ-ਟੀਮਾਂ ਹਨ। ਪੰਜਾਬ ਸਰਕਾਰ ਵੱਲੋਂ ਕਰਵਾਏ ਗਏ 2016 ਈਸਵੀ ਦੇ 'ਕਬੱਡੀ ਵਿਸ਼ਵ-ਕੱਪ' ਵਿੱਚ 12 ਦੇਸਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ।

ਨੈਸ਼ਨਲ ਸਟਾਈਲ ਕਬੱਡੀ ਨੂੰ 1990 ਈ. ਤੋਂ ਏਸ਼ੀਅਨ ਖੇਡਾਂ ਵਿੱਚ ਸ਼ਾਮਲ ਕੀਤਾ ਹੋਇਆ ਹੈ। ਭਾਰਤ ਨੇ ਏਸ਼ੀਅਨ ਖੇਡਾਂ ਵਿੱਚ ਲਗਾਤਾਰ ਸੱਤ ਸੋਨ-ਤਗਮੇ ਜਿੱਤੇ ਹਨ। ਕ੍ਰਿਕਟ ਦੀ ਤਰ੍ਹਾਂ ਕਬੱਡੀ ਦੀ ਵੀ 'ਪ੍ਰੋ ਕਬੱਡੀ-ਲੀਗ' ਅਤੇ 'ਵਿਸ਼ਵ-ਲੀਗ' ਕਰਵਾਈ ਜਾਣ ਲੱਗੀ ਹੈ। ਇਸ ਨੇ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੂੰ ਕਬੱਡੀ ਨਾਲ਼ ਜੋੜਿਆ ਹੈ। ਔਰਤਾਂ ਵੀ ਇਸ ਖੇਤਰ ਵਿੱਚ ਪਿੱਛੇ ਨਹੀਂ ਹਨ। ਔਰਤਾਂ ਦੀ ਕਬੱਡੀ ਦੇ ਵੀ ਸੰਸਾਰ-ਪੱਧਰੀ ਮੁਕਾਬਲੇ ਹੋਣ ਲੱਗੇ ਹਨ। ਸਰਕਲ-ਸਟਾਈਲ ਕਬੱਡੀ ਦੇਸਾਂ-ਵਿਦੇਸ਼ਾਂ ਦੇ ਖੇਡ-ਮੇਲਿਆਂ ਦਾ ਸ਼ਿੰਗਾਰ ਬਣੀ ਹੋਈ ਹੈ। ਇਹਨਾਂ ਖੇਡ-ਮੇਲਿਆਂ ਦੇ ਦਰਸ਼ਕ ਖਿਡਾਰੀਆਂ ਨਾਲ਼ੋਂ ਵੀ ਵਧੇਰੇ ਜੋਸ਼ ਨਾਲ਼ ਖੇਡ ਵਿੱਚ ਭਾਗ ਲੈਂਦੇ ਹਨ। ਉਹ ਇੱਕ-ਇੱਕ ਰੇਡ 'ਤੇ ਲੱਖਾਂ ਦੇ ਇਨਾਮ ਦੇ ਦਿੰਦੇ ਹਨ। ਦੁਨੀਆਂ ਦੇ ਕੋਨੇ-ਕੋਨੇ ਵਿੱਚ ਵੱਸਦੇ ਪੰਜਾਬੀ ਕਬੱਡੀ ਨੂੰ ਪ੍ਰਫੁਲਿਤ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ। ਅਜੋਕੇ ਸਮੇਂ ਵਿੱਚ ਇਸ ਖੇਡ ਨੂੰ ਦੇਸ-ਵਿਦੇਸ਼ ਵਿੱਚ ਖ਼ੂਬ ਪਿਆਰ ਅਤੇ ਸਤਿਕਾਰ ਮਿਲ਼ ਰਿਹਾ ਹੈ।

## ਪਾਠ-ਅਭਿਆਸ

### 1. ਯਾਦ ਰੱਖਣਯੋਗ ਗੱਲਾਂ :

- ਕਬੱਡੀ ਦੇ ਦੋ ਰੂਪ ਹਨ– ਨੈਸ਼ਨਲ ਸਟਾਈਲ ਕਬੱਡੀ ਅਤੇ ਸਰਕਲ-ਸਟਾਈਲ ਕਬੱਡੀ।
- ਕਬੱਡੀ ਆਂਧਰਾ ਪ੍ਰਦੇਸ਼, ਬਿਹਾਰ, ਹਰਿਆਣਾ, ਕਰਨਾਟਕ, ਮਹਾਂਰਾਸ਼ਟਰ, ਪੰਜਾਬ, ਤਾਮਿਲਨਾਡੂ ਤੇ ਤੇਲੰਗਾਨਾ ਰਾਜਾਂ ਦੀ ਰਾਜ-ਖੇਡ ਹੈ।
- ਏਸ਼ੀਅਨ ਖੇਡਾਂ ਵਿੱਚ ਭਾਰਤ ਨੇ ਕਬੱਡੀ ਵਿੱਚ ਲਗਾਤਾਰ ਸੱਤ ਸੋਨ-ਤਗਮੇ ਜਿੱਤੇ ਹਨ।

## 2. ਪੜ੍ਹੋ ਅਤੇ ਸਮਝੋ :

| | | |
|---|---|---|
| (ੳ) ਅਤਿਅੰਤ | : | ਬਹੁਤ ਜ਼ਿਆਦਾ |
| (ਅ) ਆਚਾਰ | : | ਚੱਜ |
| (ੲ) ਪੋਲਾ | : | ਨਰਮ |
| (ਸ) ਸੁਮੇਲ | : | ਵਧੀਆ ਮੇਲ਼ |
| (ਹ) ਚੋਖੀ | : | ਕਾਫ਼ੀ |
| (ਕ) ਧਾਵਾ | : | ਹਮਲਾ |
| (ਕ) ਪ੍ਰਫੁਲਿਤ | : | ਵਧਾਉਣਾ ਜਾਂ ਫੈਲਾਉਣਾ |

## 3. ਖ਼ਾਲੀ ਥਾਂਵਾਂ ਭਰੋ :

(1) ਕਬੱਡੀ ਦੇ ਮੈਦਾਨ ਦੇ ਬਿਲਕੁਲ ਵਿਚਕਾਰ .......................... ਰੇਖਾ ਹੁੰਦੀ ਹੈ।

(2) ਟੋਲੀਆਂ ਲਈ ਅੱਜ-ਕੱਲ੍ਹ .......................... ਸ਼ਬਦ ਪ੍ਰਚਲਿਤ ਹੈ।

(3) ਅੰਤ 'ਤੇ ਵੱਧ ਅੰਕ ਪ੍ਰਾਪਤ ਕਰਨ ਵਾਲ਼ੀ ਟੀਮ ਨੂੰ ........................ ਕਰਾਰ ਦਿੱਤਾ ਜਾਂਦਾ ਹੈ।

(4) ਏਸ਼ੀਅਨ ਖੇਡਾਂ ਵਿੱਚ ਭਾਰਤ ਨੇ ਕਬੱਡੀ ਵਿੱਚ ਲਗਾਤਾਰ.......................... ਸੋਨ-ਤਗਮੇ ਜਿੱਤੇ ਹਨ।

(5) ਪੰਜਾਬੀ ਕਬੱਡੀ ਨੂੰ .......................... ਕਰਨ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।

*(ਪ੍ਰਫੁਲਿਤ, ਮੱਧ, ਟੀਮ, ਜੇਤੂ, ਸੱਤ)*

## 4. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਕਬੱਡੀ ਦੇ ਕਿਹੜੇ-ਕਿਹੜੇ ਦੋ ਰੂਪ ਹਨ ?

..........................................................................................................

..........................................................................................................

..........................................................................................................

..........................................................................................................

(ਅ) ਨੈਸ਼ਨਲ ਸਟਾਈਲ ਕਬੱਡੀ ਦੇ ਮੈਦਾਨ ਦਾ ਆਕਾਰ ਕਿਹੋ-ਜਿਹਾ ਹੁੰਦਾ ਹੈ ?

.................................................................................................

.................................................................................................

.................................................................................................

.................................................................................................

(ੲ) ਨੈਸ਼ਨਲ ਸਟਾਈਲ ਕਬੱਡੀ ਦੀ ਟੀਮ ਵਿੱਚ ਕਿੰਨੇ ਖਿਡਾਰੀ ਭਾਗ ਲੈਂਦੇ ਹਨ ?

.................................................................................................

.................................................................................................

.................................................................................................

.................................................................................................

(ਸ) ਕਬੱਡੀ ਖੇਡਣ ਲਈ ਖਿਡਾਰੀ ਵਿੱਚ ਕਿਹੜੇ-ਕਿਹੜੇ ਗੁਣ ਹੋਣੇ ਚਾਹੀਦੇ ਹਨ ?

.................................................................................................

.................................................................................................

.................................................................................................

.................................................................................................

(ਹ) ਕਬੱਡੀ ਅਤੇ ਕੁਸ਼ਤੀ ਵਿੱਚ ਕੀ ਸਾਂਝ ਹੈ ?

.................................................................................................

.................................................................................................

.................................................................................................

.................................................................................................

## 5. ਪੜ੍ਹੋ, ਸਮਝੋ ਅਤੇ ਲਿਖੋ :

(ੳ) ਜਿੱਤ : ਹਾਰ

(ਅ) ਨਫ਼ਰਤ : ......................
......................

(ੲ) ਹੌਲ਼ੀ : ......................
......................

(ਸ) ਸੁਸਤੀ : ......................
......................

(ਹ) ਔਗੁਣ : ......................
......................

(ਕ) ਸਖ਼ਤ : ......................
......................

(ਖ) ਆਖ਼ਰੀ : ......................
......................

## 6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਮਨਪਸੰਦ : ..........................................................................................
..........................................................................................

(ਅ) ਖਿਡਾਰੀ : ..........................................................................................
..........................................................................................

(ੲ) ਅਰਾਮ : ..........................................................................................
..........................................................................................

(ਸ) ਮੈਦਾਨ : ..........................................................................................
..........................................................................................

(ਹ) ਚੁਸਤ : ..........................................................................................
..........................................................................................

(ਕ) ਪਹਿਲਵਾਨ : ..........................................................................................
..........................................................................................

(ਖ) ਕਬੱਡੀ : ..........................................................................................
..........................................................................................

(ਗ) ਜਾਫੀ : ..........................................................................................
..........................................................................................

7. **ਮਿਲਾਣ ਕਰੋ :**

| | |
|---|---|
| ਦੱਖਣ ਭਾਰਤ | ਕੌਡੀ |
| ਬੰਗਾਲ | ਹੂ-ਤੂ-ਤੂ |
| ਮਹਾਂਰਾਸ਼ਟਰ | ਚੇਡੂ-ਗੁੱਡੂ |
| ਪੰਜਾਬ | ਡੋ-ਡੋ |

8. **ਹੇਠ ਲਿਖਿਆਂ ਸ਼ਬਦਾਂ ਵਿੱਚੋਂ ਰਾਜਾਂ ਅਤੇ ਦੇਸਾਂ ਦੇ ਨਾਂਵਾਂ ਨੂੰ ਅਲੱਗ-ਅਲੱਗ ਕਰ ਕੇ ਲਿਖੋ :**

ਬੰਗਾਲ, ਪਾਕਿਸਤਾਨ, ਬਰਮਾ, ਤਾਮਿਲਨਾਡੂ, ਪੰਜਾਬ, ਨੇਪਾਲ, ਮਹਾਂਰਾਸ਼ਟਰ, ਸ੍ਰੀਲੰਕਾ, ਤੇਲੰਗਾਨਾ, ਕਰਨਾਟਕ, ਹਰਿਆਣਾ, ਭਾਰਤ, ਬਿਹਾਰ, ਆਂਧਰਾ ਪ੍ਰਦੇਸ਼

| ਦੇਸ | ਰਾਜ |
|---|---|
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |
| ............................................. | ............................................. |

**ਅਧਿਆਪਕ ਵਿਦਿਆਰਥੀਆਂ ਨੂੰ ਕਬੱਡੀ ਖੇਡਣ ਦੀ ਗਤੀਵਿਧੀ ਕਰਵਾ ਕੇ ਪਾਠ ਵਿੱਚ ਆਏ ਸੰਕਲਪ ਸਮਝਾਵੇ।**

*****

# ਪਾਠ-10

# ਈਦ

ਅੱਜ ਈਦ ਦਾ ਤਿਉਹਾਰ ਹੈ। ਹਰ ਪਾਸੇ ਖ਼ੁਸ਼ੀ ਹੀ ਖ਼ੁਸ਼ੀ ਹੈ। ਇਹ ਤਿਉਹਾਰ ਸਾਡੇ ਹੋਰ ਤਿਉਹਾਰਾਂ ਵਾਂਗ ਬੜੀ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਰਮਜ਼ਾਨ ਦੇ ਮਹੀਨੇ ਤੋਂ ਬਾਅਦ ਆਉਂਦਾ ਹੈ। ਰਮਜ਼ਾਨ ਦੇ ਮਹੀਨੇ ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ। ਰੋਜ਼ਿਆਂ ਵਿੱਚ ਲੋਕ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੁਝ ਵੀ ਨਹੀਂ ਖਾਂਦੇ-ਪੀਂਦੇ। ਜਦੋਂ ਅਖੀਰਲਾ ਰੋਜ਼ਾ ਹੁੰਦਾ ਹੈ, ਉਸ ਰਾਤ ਚੰਦ ਦਿਖਾਈ ਦਿੰਦਾ ਹੈ। ਉਸ ਤੋਂ ਅਗਲੇ ਦਿਨ ਈਦ ਮਨਾਈ ਜਾਂਦੀ ਹੈ। ਇਸ ਈਦ ਨੂੰ 'ਈਦ-ਉੱਲ-ਫ਼ਿਤਰ' ਆਖਦੇ ਹਨ। ਇਸ ਨੂੰ 'ਮਿੱਠੀ-ਈਦ' ਵੀ ਕਿਹਾ ਜਾਂਦਾ ਹੈ।

ਹਰ ਵਾਰ ਦੀ ਤਰ੍ਹਾਂ, ਇਸ ਵਾਰੀ ਵੀ ਕਈ ਦਿਨ ਪਹਿਲਾਂ ਤੋਂ ਹੀ ਈਦ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਬਜ਼ਾਰਾਂ ਵਿੱਚ ਬੜੀ ਰੌਣਕ ਹੈ। ਕੋਈ ਕੱਪੜਾ ਖ਼ਰੀਦ ਰਿਹਾ ਹੈ ਤੇ ਕੋਈ ਜੁੱਤੀ। ਕੁਝ ਲੋਕ ਸੇਵੀਆਂ ਤੇ ਮਿਠਿਆਈਆਂ ਖ਼ਰੀਦ ਰਹੇ ਹਨ। ਚੂੜੀਆਂ ਦੀਆਂ ਦੁਕਾਨਾਂ 'ਤੇ ਔਰਤਾਂ ਦੀ ਭੀੜ ਲੱਗੀ ਹੋਈ ਹੈ।

ਅੱਜ ਸਵੇਰ ਹੁੰਦੇ ਹੀ ਸਭ ਨੇ ਨ੍ਹਾ-ਧੋ ਕੇ ਨਵੇਂ ਕੱਪੜੇ ਪਾ ਲਏ ਹਨ। ਹਰ ਬੰਦਾ ਖ਼ੁਸ਼ ਦਿਖਾਈ ਦੇ ਰਿਹਾ ਹੈ। ਈਦ ਦੀ ਨਮਾਜ਼ ਦੀਆਂ ਤਿਆਰੀਆਂ ਹੋ ਰਹੀਆਂ ਹਨ। ਘਰ-ਘਰ ਸੇਵੀਆਂ ਬਣਾਈਆਂ ਜਾ ਰਹੀਆਂ ਹਨ।

ਬੱਚਿਆਂ ਦੀ ਖ਼ੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ। ਸੁਹੇਲ ਬਹੁਤ ਖ਼ੁਸ਼ ਹੈ। ਉਸ ਦੇ ਅੱਬਾ ਨੇ ਉਸ ਲਈ ਨਵਾਂ ਕੁੜਤਾ-ਪਜਾਮਾ ਸਵਾਇਆ ਹੈ। ਨਵੇਂ ਕੱਪੜੇ ਪਾ ਕੇ ਉਹ 'ਈਦਗਾਹ' ਜਾਣ ਦੀ ਤਿਆਰੀ ਕਰ ਰਿਹਾ ਹੈ। ਉਸ ਦੀ ਛੋਟੀ ਭੈਣ ਸ਼ਬਨਮ ਨੇ ਵੀ ਨਵੀਂ ਸਲਵਾਰ-ਕਮੀਜ਼ ਪਾਈ ਹੈ। ਉਹ ਗੋਟੇ ਵਾਲ਼ੀ ਚੁੰਨੀ ਲੈ ਕੇ ਬਹੁਤ ਖ਼ੁਸ਼ ਹੈ।


ਲੋਕ ਈਦਗਾਹ ਵੱਲ ਚੱਲ ਪਏ ਹਨ। ਨਾਲ਼ ਬੱਚੇ ਵੀ ਜਾ ਰਹੇ ਹਨ। ਉਹ ਖ਼ੁਸ਼ੀ ਵਿੱਚ ਨੱਚਦੇ-ਟੱਪਦੇ ਜਾ ਰਹੇ ਹਨ। ਸਭ ਲੋਕ ਈਦਗਾਹ ਪਹੁੰਚ ਗਏ ਹਨ। ਉੱਥੇ ਸਭ ਨੇ ਕਤਾਰਾਂ ਵਿੱਚ ਖੜ੍ਹੇ ਹੋ ਕੇ ਨਮਾਜ਼ ਪੜ੍ਹੀ। ਨਮਾਜ਼ ਪੜ੍ਹ ਕੇ, ਹੱਥ ਉਠਾ ਕੇ ਖ਼ੁਦਾ ਤੋਂ ਦੁਆ ਮੰਗੀ। ਇਸ ਤੋਂ ਬਾਅਦ ਸਭ ਇੱਕ-ਦੂਜੇ ਦੇ ਗਲ਼ੇ ਮਿਲ਼ੇ। ਸਭ ਨੇ ਇੱਕ-ਦੂਜੇ ਨੂੰ ਈਦ ਦੀ ਮੁਬਾਰਕਬਾਦ ਦਿੱਤੀ।



ਈਦਗਾਹ ਦੇ ਬਾਹਰ ਮੇਲਾ ਲੱਗਿਆ ਹੋਇਆ ਹੈ। ਮਿਠਿਆਈ ਤੇ ਖਿਡੌਣਿਆਂ ਦੀਆਂ ਦੁਕਾਨਾਂ ਸਜੀਆਂ ਹੋਈਆਂ ਹਨ। ਮੇਲੇ ਵਿੱਚ ਝੂਲੇ ਵੀ ਲੱਗੇ ਹੋਏ ਹਨ। ਬੱਚੇ ਝੂਟੇ ਲੈ ਰਹੇ ਹਨ। ਸੁਹੇਲ ਦੇ ਅੱਬਾ ਨੇ ਮਿਠਿਆਈ ਖ਼ਰੀਦੀ। ਖਿਡੌਣਿਆਂ ਦੀ ਦੁਕਾਨ ਤੋਂ ਸੁਹੇਲ ਨੇ ਆਪਣੇ ਲਈ ਇੱਕ ਖਿਡੌਣਾ-ਜਹਾਜ਼ ਖ਼ਰੀਦਿਆ। ਉਸ ਨੇ ਆਪਣੀ ਭੈਣ ਸ਼ਬਨਮ ਲਈ ਨੱਚਣ ਵਾਲ਼ਾ ਇੱਕ ਰਿੱਛ ਖ਼ਰੀਦਿਆ।

ਸਭ ਖ਼ੁਸ਼ੀ-ਖ਼ੁਸ਼ੀ ਘਰ ਮੁੜ ਆਏ। ਸੁਹੇਲ ਨੂੰ ਦੇਖਦਿਆਂ ਹੀ ਸ਼ਬਨਮ ਭੱਜੀ ਆਈ। ਸੁਹੇਲ ਨੇ ਉਸ ਨੂੰ ਖਿਡੌਣੇ ਤੇ ਮਿਠਿਆਈ ਦਿੱਤੀ। ਸ਼ਬਨਮ ਖ਼ੁਸ਼ ਹੋ ਗਈ।

ਸੁਹੇਲ ਦਾ ਦੋਸਤ ਅਮਨ ਤੇ ਇਕਬਾਲ ਵੀ ਈਦ ਦੀ ਮੁਬਾਰਕਬਾਦ ਦੇਣ ਉਸ ਦੇ ਘਰ ਆਏ। ਸੁਹੇਲ ਦੀ ਅੰਮੀ ਨੇ ਉਹਨਾਂ ਨੂੰ ਵੀ ਸੇਵੀਆਂ ਤੇ ਮਿਠਿਆਈ ਖੁਆਈ।



## ਪਾਠ-ਅਭਿਆਸ

**1. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) .......................... ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ।

(ਅ) ਘਰ-ਘਰ .......................... ਬਣਾਈਆਂ ਜਾ ਰਹੀਆਂ ਹਨ।

(ੲ) ਸਭ ਲੋਕ .......................... ਪਹੁੰਚ ਗਏ।

(ਸ) ਨਮਾਜ਼ ਪੜ੍ਹ ਕੇ, ਹੱਥ ਉਠਾ ਕੇ .......................... ਤੋਂ ਦੁਆ ਮੰਗੀ।

(ਹ) ਸਭ ਨੇ ਇੱਕ-ਦੂਜੇ ਨੂੰ .......................... ਦੀ ਮੁਬਾਰਕਬਾਦ ਦਿੱਤੀ।

*(ਈਦਗਾਹ, ਈਦ, ਰਮਜ਼ਾਨ, ਸੇਵੀਆਂ, ਖ਼ੁਦਾ)*

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਈਦ ਕਦੋਂ ਮਨਾਈ ਜਾਂਦੀ ਹੈ ?

..........................................................................................................

..........................................................................................................

..........................................................................................................

..........................................................................................................

(ਅ) ਈਦਗਾਹ ਪਹੁੰਚ ਕੇ ਸਭ ਨੇ ਕੀ ਕੀਤਾ ?

..........................................................................................................

..........................................................................................................

..........................................................................................................

..........................................................................................................

(ੲ) ਮੇਲੇ ਵਿੱਚ ਕੀ ਕੁਝ ਸੀ ?

..........................................................................................................

..........................................................................................................

....................................................................................................
....................................................................................................

(ਸ) ਸੁਹੇਲ ਨੇ ਮੇਲੇ ਵਿੱਚੋਂ ਕੀ ਖ਼ਰੀਦਿਆ ?

....................................................................................................
....................................................................................................
....................................................................................................
....................................................................................................

(ਹ) ਅੰਮੀ ਨੇ ਸੁਹੇਲ ਦੇ ਦੋਸਤਾਂ ਨੂੰ ਕੀ ਖੁਆਇਆ ?

....................................................................................................
....................................................................................................
....................................................................................................
....................................................................................................

## 3. ਵਚਨ ਬਦਲੋ : (ਵਿਆਕਰਨ)

| | | | | | |
|---|---|---|---|---|---|
| 1. ਬੱਚਾ | : | ਬੱਚੇ | 7. ਮਹੀਨਾ | : | .............. .............. |
| 2. ਝੂਲਾ | : | .............. .............. | 8. ਮੇਲਾ | : | .............. .............. |
| 3. ਰੋਜ਼ਾ | : | .............. .............. | 9. ਝੂਟਾ | : | .............. .............. |
| 4. ਕੱਪੜਾ | : | .............. .............. | 10. ਪਜਾਮਾ | : | .............. .............. |
| 5. ਖਿਡੌਣਾ | : | .............. .............. | 11. ਟੱਪਦਾ | : | .............. .............. |
| 6. ਕੁੜਤਾ | : | .............. .............. | 12. ਨੱਚਦਾ | : | .............. .............. |

4. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

(ੳ) ਤਿਉਹਾਰ : ..........................................
..........................................

(ਅ) ਖ਼ੁਦਾ : ..........................................
..........................................

(ੲ) ਦੁਆ : ..........................................
..........................................

(ਸ) ਮੁਬਾਰਕਬਾਦ : ..........................................
..........................................

(ਹ) ਮਿਠਿਆਈ : ..........................................
..........................................

5. **ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :**

- ਈਦ : ਮੁਸਲਮਾਨਾਂ ਦਾ ਇੱਕ ਤਿਉਹਾਰ ਜੋ ਰੋਜ਼ਿਆਂ ਪਿੱਛੋਂ ਆਉਂਦਾ ਹੈ।
- ਰਮਜ਼ਾਨ : ਉਹ ਮਹੀਨਾ ਜਿਸ ਵਿੱਚ ਮੁਸਲਮਾਨ ਰੋਜ਼ੇ ਰੱਖਦੇ ਹਨ।
- ਰੋਜ਼ਾ : ਵਰਤ; ਜੋ ਮੁਸਲਮਾਨ ਧਾਰਮਿਕ ਫ਼ਰਜ਼ ਸਮਝ ਕੇ ਰੱਖਦੇ ਹਨ।

6. **ਇਸ ਪਾਠ ਵਿੱਚ ਆਏ ਜੋੜੇ-ਜੋੜੇ ਸ਼ਬਦ ਲਿਖੋ, ਜਿਵੇਂ ਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ :**

ਉਦਾਹਰਨ : ਕੁੜਤਾ-ਪਜਾਮਾ

.............................. ..............................
.............................. ..............................

.............................. ..............................
.............................. ..............................


.............................. ..............................
.............................. ..............................

.............................. ..............................
.............................. ..............................

7. **ਅਧਿਆਪਕ ਹੇਠ ਲਿਖੀਆਂ ਸਤਰਾਂ ਬੋਲ ਕੇ ਵਿਦਿਆਰਥੀਆਂ ਨੂੰ ਲਿਖਣ ਲਈ ਕਹੇ :**

- ਰਮਜ਼ਾਨ ਵਿੱਚ ਤੀਹ ਰੋਜ਼ੇ ਰੱਖੇ ਜਾਂਦੇ ਹਨ।
- ਸੁਹੇਲ ਦੇ ਅੱਬਾ ਨੇ ਮਿਠਿਆਈ ਖ਼ਰੀਦੀ।
- ਬਜ਼ਾਰਾਂ ਵਿੱਚ ਬੜੀ ਰੌਣਕ ਹੈ।
- ਘਰ-ਘਰ ਸੇਵੀਆਂ ਪਕਾਈਆਂ ਜਾਂਦੀਆਂ ਹਨ।
- ਉਹ ਗੋਟੇ ਵਾਲ਼ੀ ਚੁੰਨੀ ਲੈ ਕੇ ਬਹੁਤ ਖ਼ੁਸ਼ ਸੀ।

8. **ਹੇਠਾਂ ਦਿੱਤੇ ਗੋਲ਼-ਚੱਕਰਾਂ ਵਿੱਚ ਈਦ ਨਾਲ਼ ਸੰਬੰਧਿਤ ਸ਼ਬਦ ਲਿਖੋ :**




**ਆਪਣੇ ਮਾਤਾ-ਪਿਤਾ ਦੀ ਮਦਦ ਨਾਲ਼ ਆਪਣੇ ਘਰ ਵਿੱਚ ਮਨਾਏ ਜਾਣ ਵਾਲ਼ੇ ਤਿਉਹਾਰਾਂ ਦੀ ਸੂਚੀ ਬਣਾਓ।**

............................ ............................

............................ ............................

............................ ............................

............................ ............................

## ਪਾਠ - 11

# ਮੇਰੇ ਨਿਸ਼ਾਨੇ



ਮੈਂ ਭਾਰਤ ਦੀ ਸ਼ਾਨ ਬਣਾਂਗਾ।
ਭਾਵੇਂ ਅੱਜ ਹਾਂ ਛੋਟਾ ਬੱਚਾ,
ਪਰ ਮੈਂ ਕਦੇ ਮਹਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਕਰਕੇ ਮਨ ਦੇ ਨਾਲ਼ ਪੜ੍ਹਾਈ,
ਉੱਚੀ-ਉੱਚੀ ਵਿੱਦਿਆ ਪਾ ਕੇ।
ਪੂਰੀ, ਭਰਵੀਂ ਮਿਹਨਤ ਕਰਕੇ,
ਸੂਝ ਵਧਾ ਕੇ, ਗਿਆਨ ਵਧਾ ਕੇ,
ਮੈਂ ਚੰਗਾ ਵਿਦਵਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਮੇਰੀਆਂ ਅੱਖਾਂ ਦੇ ਵਿੱਚ ਰਹਿਸਣ,
ਦੇਸ ਮੇਰੇ ਦੇ ਹੱਦਾਂ-ਬੰਨੇ।
ਤੱਕੇਗਾ ਨਾ ਮੇਰੇ ਹੁੰਦਿਆਂ,
ਕੋਈ ਮੇਰੇ ਭਾਰਤ ਵੰਨੇ।
ਮੈਂ ਫ਼ੌਜੀ ਕਪਤਾਨ ਬਣਾਂਗਾ,
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਹਿੰਦੂ, ਮੁਸਲਿਮ, ਸਿੱਖ, ਈਸਾਈ,
ਮੈਨੂੰ ਕੋਈ ਨਹੀਂ ਪਰਾਇਆ।
ਲੱਗਦਾ ਮੈਨੂੰ ਆਪਣਿਆਂ ਵਾਂਗਰ,
ਹਰ ਇੱਕ ਭਾਰਤ ਮਾਂ ਦਾ ਜਾਇਆ।
ਮੈਂ ਭਾਰਤ ਦੀ ਜਿੰਦ-ਜਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।



ਸੌਂਪ ਦਏਗੀ ਜੋ ਕੰਮ ਮੈਨੂੰ,
ਭਾਰਤ-ਮਾਤਾ ਯੋਗ ਬਣਾ ਕੇ।
ਉਹੀ ਮੇਰਾ ਧਰਮ ਬਣੇਗਾ,
ਤੋੜ ਚੜ੍ਹਾਸਾਂ ਤਨ-ਮਨ ਲਾ ਕੇ।
ਮੈਂ ਚੰਗੀ ਸੰਤਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।

ਇੱਕੋ ਨੂਰ ਹੈ ਸਭਨਾਂ ਅੰਦਰ,
ਝੂਠੀਆਂ ਨੇ ਸਭ ਜਾਤਾਂ-ਪਾਤਾਂ।
ਉੱਡ ਜਾਣੇ ਨੇ ਮੈਨੂੰ ਤੱਕ ਕੇ,
ਊਚ-ਨੀਚਤਾ, ਛੂਤਾਂ-ਛਾਤਾਂ।
ਮੈਂ ਐਸਾ ਤੁਫ਼ਾਨ ਬਣਾਂਗਾ।
ਮੈਂ ਭਾਰਤ ਦੀ ਸ਼ਾਨ ਬਣਾਂਗਾ।



## ਪਾਠ-ਅਭਿਆਸ

**1. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਭਾਵੇਂ ਅੱਜ ਹਾਂ ਛੋਟਾ ਬੱਚਾ,

..........................................................................................

..........................................................................................

..........................................................................................

..........................................................................................

(ਅ) ਤੱਕੇਗਾ ਨਾ ਮੇਰੇ ਹੁੰਦਿਆਂ,

..........................................................................................

..........................................................................................

..........................................................................................

..........................................................................................

(ੲ) ਲੱਗਦਾ ਮੈਨੂੰ ਆਪਣਿਆਂ ਵਾਂਗਰ,

..........................................................................................

..........................................................................................

..........................................................................................

..........................................................................................

(ਸ) ਇੱਕੋ ਨੂਰ ਹੈ ਸਭਨਾਂ ਅੰਦਰ,

..........................................................................................

..........................................................................................

..........................................................................................

..........................................................................................

**2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

(ੳ) ਸ਼ਾਨ : ..........................................................................

..........................................................................

(ਅ) ਮਹਾਨ : ..........................................................................................

..........................................................................................

(ੲ) ਗਿਆਨ : ..........................................................................................

..........................................................................................

(ਸ) ਮਿਹਨਤ : ..........................................................................................

..........................................................................................

(ਹ) ਪਰਾਇਆ : ..........................................................................................

..........................................................................................

### 3. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲਾਓ :

| | |
|---|---|
| ਭਾਰਤ | ਮਨ |
| ਫ਼ੌਜੀ | ਛਾਤ |
| ਉੱਚ | ਬੰਨੇ |
| ਤਨ | ਪਾਤਾਂ |
| ਛੂਤ | ਨੀਚ |
| ਹੱਦਾਂ | ਕਪਤਾਨ |
| ਜਾਤਾਂ | ਮਾਂ |

### 4. ਵਿਸਰਾਮ-ਚਿੰਨ੍ਹ ਲਾਓ :

ਹਿੰਦੂ, ਮੁਸਲਿਮ, ਸਿੱਖ, ਈਸਾਈ

ਮੈਨੂੰ ਕੋਈ ਨਹੀਂ ਪਰਾਇਆ।

ਲੱਗਦਾ ਮੈਨੂੰ ਆਪਣਿਆਂ ਵਾਂਗਰ,

ਹਰ ਇੱਕ ਭਾਰਤ ਮਾਂ ਦਾ ਜਾਇਆ।

5. ਬੱਚਿਓ ! ਤੁਸੀਂ ਜ਼ਿੰਦਗੀ ਵਿੱਚ ਕੀ ਬਣਨਾ ਚਾਹੁੰਦੇ ਹੋ ?

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

.................................................................................................

(ੳ) ਅਧਿਆਪਕ ਵਾਕਾਂ ਦਾ ਵੱਖ-ਵੱਖ ਰੂਪਾਂ ਵਿੱਚ ਉਚਾਰਨ ਕਰਕੇ ਵਿਸਰਾਮ-ਚਿੰਨ੍ਹ ਲੱਗਣ ਨਾਲ਼ ਵਾਕ ਵਿੱਚ ਪੈਣ ਵਾਲ਼ੇ ਅੰਤਰ ਬਾਰੇ ਦੱਸਦਿਆਂ ਵਿਸਰਾਮ-ਚਿੰਨ੍ਹਾਂ ਦਾ ਸੰਕਲਪ ਸਮਝਾਵੇਗਾ।

(ਅ) ਅਧਿਆਪਕ ਇਸ ਕਵਿਤਾ ਨੂੰ ਗਾਉਂਦੇ ਸਮੇਂ ਸੰਬੰਧਿਤ ਸਰੀਰਿਕ ਅਦਾਵਾਂ ਕਰਨ ਦਾ ਵੀ ਅਭਿਆਸ ਕਰਵਾਏ।

*****

## ਪਾਠ - 12

# ਸਾਡੇ ਰੁੱਖ



ਪਿਆਰੇ ਬੱਚਿਓ! ਅੱਜ ਆਪਾਂ ਪੰਜਾਬ ਦੇ ਕੁਝ ਲੋਪ ਹੋ ਰਹੇ ਰੁੱਖਾਂ ਬਾਰੇ ਜਾਣਾਂਗੇ। ਇਹ ਰੁੱਖ ਸਦੀਆਂ ਤੋਂ ਸਾਡੇ ਮਦਦਗਾਰ ਬਣੇ ਹੋਏ ਹਨ। ਇਹ ਘਰ ਬਣਾਉਣ ਤੋਂ ਲੈ ਕੇ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਅਤੇ ਦਵਾਈਆਂ ਵਿੱਚ ਵੀ ਸਾਡੇ ਅੰਗ-ਸੰਗ ਰਹਿੰਦੇ ਹਨ। ਕੋਈ ਸਮਾਂ ਸੀ ਜਦੋਂ ਹਰੇਕ ਘਰ ਵਿੱਚ ਕੋਈ ਨਾ ਕੋਈ ਰੁੱਖ ਜ਼ਰੂਰ ਹੁੰਦਾ ਸੀ ਪਰ ਹੁਣ ਲਾਲਚਵੱਸ ਇਹਨਾਂ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰ ਕੇ ਸਾਡੇ ਘਰ ਰੁੱਖਾਂ ਤੋਂ ਸੱਖਣੇ ਹੋ ਰਹੇ ਹਨ।

ਆਓ, ਸਭ ਤੋਂ ਪਹਿਲਾਂ ਗੱਲ ਕਰਦੇ ਹਾਂ, ਸਾਡੇ ਪੰਜਾਬ ਦੇ ਰਾਜ-ਰੁੱਖ 'ਟਾਹਲੀ' ਬਾਰੇ। ਇਸ ਨੂੰ ਹਿੰਦੀ ਵਿੱਚ 'ਸ਼ੀਸ਼ਮ' ਕਹਿੰਦੇ ਹਨ। ਇਹ ਪੰਜਾਬ ਤੋਂ ਇਲਾਵਾ ਹੋਰ ਵੀ ਕਈ ਸੂਬਿਆਂ ਵਿੱਚ ਮਿਲ਼ਦੀ ਹੈ। ਸੜਕਾਂ ਦੇ ਦੋਂਹੀਂ ਪਾਸੀਂ ਪਹਿਲਾਂ ਇਹ ਰੁੱਖ ਵੱਡੀ ਗਿਣਤੀ ਵਿੱਚ ਹੁੰਦੇ ਸਨ ਪਰ ਹੁਣ ਇਹਨਾਂ ਨੂੰ ਨਵੀਂਆਂ ਸੜਕਾਂ ਦੇ ਨਾਲ਼-ਨਾਲ਼ ਨਹੀਂ ਲਾਇਆ ਜਾ ਰਿਹਾ। ਝੋਨੇ ਦੀ ਫ਼ਸਲ ਦੀ ਪੈਦਾਵਾਰ ਵੱਡੇ ਪੱਧਰ 'ਤੇ ਹੋਣ ਕਰਕੇ ਹੁਣ ਖੇਤਾਂ ਵਿੱਚ ਵੀ ਇਹਨਾਂ ਦੀ ਗਿਣਤੀ ਬਹੁਤ ਘਟ ਗਈ ਹੈ। ਟਾਹਲੀ ਦੀ ਖ਼ੂਬੀ ਇਸ ਦੀ ਮਜ਼ਬੂਤ ਲੱਕੜ ਕਰਕੇ ਹੈ। ਇਹ ਮਜ਼ਬੂਤ ਹੋਣ ਦੇ ਨਾਲ਼-ਨਾਲ਼ ਰੇਸ਼ੇਦਾਰ ਵੀ ਹੁੰਦੀ ਹੈ। ਕਾਲ਼ੀ ਟਾਹਲੀ ਫ਼ਰਨੀਚਰ ਬਣਾਉਣ ਲਈ ਉੱਤਮ ਮੰਨੀ ਜਾਂਦੀ ਹੈ। ਇਸ ਦੀ ਕੀਮਤ ਵੀ ਆਮ ਲੱਕੜ ਨਾਲ਼ੋਂ ਕਾਫ਼ੀ ਵੱਧ ਹੁੰਦੀ ਹੈ। ਪੁਰਾਣੇ ਵੇਲ਼ਿਆਂ ਵਿੱਚ ਹਲ਼, ਪੰਜਾਲ਼ੀ, ਗੱਡਾ, ਸੰਦੂਕ ਆਦਿ ਵਸਤਾਂ ਇਸੇ ਲੱਕੜ ਦੀਆਂ ਬਣਦੀਆਂ ਸਨ। ਇਸ

ਦੀ ਉਮਰ ਸੈਂਕੜੇ ਸਾਲ ਵੀ ਹੋ ਸਕਦੀ ਹੈ। ਨੌਜਵਾਨਾਂ ਦੇ ਨਿਰੋਏ ਜੁੱਸਿਆਂ ਨੂੰ ਟਾਹਲੀ ਦੀ ਉਦਾਹਰਨ ਰਾਹੀਂ ਵਡਿਆਇਆ ਗਿਆ ਹੈ –

**ਸਾਡੇ ਪਿੰਡ ਦੇ ਮੁੰਡੇ ਦੇਖ ਲਓ, ਜਿਉਂ ਟਾਹਲੀ ਦੇ ਪਾਵੇ,**
**ਭੰਗੜਾ ਪਾਉਂਦੇ ਮੁੰਡਿਆਂ ਦੀ, ਸਿਫ਼ਤ ਕਰੀ ਨਾ ਜਾਵੇ।**

ਟਾਹਲੀ ਤੋਂ ਬਾਅਦ ਅਗਲਾ ਮਹੱਤਵਪੂਰਨ ਰੁੱਖ 'ਨਿੰਮ' ਹੈ। ਨਿੰਮ ਦਾ ਸਾਡੇ ਤਨ ਨੂੰ ਦਰੁਸਤ ਰੱਖਣ ਵਿੱਚ ਬੜਾ ਯੋਗਦਾਨ ਰਿਹਾ ਹੈ। ਪੁਰਾਣੇ ਸਮਿਆਂ ਵਿੱਚ ਕਈ ਤਰ੍ਹਾਂ ਦੇ ਰੋਗਾਂ ਦਾ ਇਲਾਜ ਸਿਰਫ਼ ਨਿੰਮ ਨਾਲ਼ ਹੀ ਕਰ ਲਿਆ ਜਾਂਦਾ ਸੀ। ਹੁਣ ਵੀ ਚਮੜੀ-ਰੋਗਾਂ ਲਈ ਨਿੰਮ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਇਸ ਦੀ ਦਾਤਣ ਦੰਦਾਂ ਨੂੰ ਰੋਗ-ਰਹਿਤ ਰੱਖਦੀ ਹੈ। ਇਸ ਦੇ ਪੱਤਿਆਂ ਦੀ ਵਰਤੋਂ ਘਰਾਂ ਵਿੱਚ ਕੀੜਿਆਂ ਤੋਂ ਛੁਟਕਾਰਾ ਪਾਉਣ ਲਈ ਕੀਤੀ ਜਾਂਦੀ ਹੈ। ਇਸ ਦੇ ਫਲ਼ ਨੂੰ ਨਿਮੋਲ਼ੀਆਂ ਕਿਹਾ ਜਾਂਦਾ ਹੈ। ਨਿੰਮ ਦੀ ਲੱਕੜ ਵੀ ਕਈ ਤਰ੍ਹਾਂ ਦੇ ਕੰਮ ਆਉਂਦੀ ਹੈ। ਘਰਾਂ ਵਿੱਚ ਮਸਾਲੇ ਰਗੜਨ ਲਈ ਵਰਤੇ ਜਾਂਦੇ ਘੋਟਣੇ ਜ਼ਿਆਦਾਤਰ ਇਸੇ ਰੁੱਖ ਦੇ ਬਣੇ ਹੁੰਦੇ ਹਨ। ਸਾਡੇ ਲੋਕ-ਗੀਤਾਂ ਵਿੱਚ ਨਿੰਮ ਦਾ ਬੜਾ ਜ਼ਿਕਰ ਆਉਂਦਾ ਹੈ, ਜਿਵੇਂ :

**ਕੌੜੀ ਨਿੰਮ ਨੂੰ ਪਤਾਸੇ ਲੱਗਦੇ, ਜਿੱਥੋਂ ਦੀ ਮੇਰਾ ਵੀਰ ਲੰਘ ਜੇ।**

ਹੁਣ ਜਿਸ ਰੁੱਖ ਬਾਰੇ ਆਪਾਂ ਗੱਲ ਕਰਾਂਗੇ, ਉਸ ਦਾ ਲੱਖਣ ਤੁਸੀਂ ਆਪ ਲਾਉਣਾ ਹੈ। ਸਾਉਣ ਮਹੀਨੇ ਕੁੜੀਆਂ ਇਕੱਠੀਆਂ ਹੋ ਕੇ ਇਸ 'ਤੇ ਪੀਂਘਾਂ ਪਾਉਂਦੀਆਂ ਹਨ। ਇਸ ਦੀ ਛਾਂਵੇਂ ਤੀਆਂ ਲੱਗਦੀਆਂ ਹਨ। ਬੁੱਝੋ ਖਾਂ, ਭਲਾ ਇਹ ਕਿਹੜਾ ਰੁੱਖ ਹੈ? ਹਾਂ, ਇਹ ਰੁੱਖ ਹੈ- ਪਿੱਪਲ਼। ਇਸ ਰੁੱਖ ਦੀ ਸਾਡੇ ਪੂਰੇ ਦੇਸ ਵਿੱਚ ਬੜੀ ਮਾਨਤਾ ਹੈ। ਇਸ ਨੂੰ ਧਾਰਮਿਕ ਸੰਸਕਾਰਾਂ ਕਰਕੇ ਕੱਟਿਆ ਨਹੀਂ ਜਾਂਦਾ। ਨਿੰਮ ਵਾਂਗ ਪਿੱਪਲ਼ ਦੀ ਵਰਤੋਂ ਵੀ ਕਈ ਬਿਮਾਰੀਆਂ ਦੇ ਇਲਾਜ ਲਈ ਕੀਤੀ ਜਾਂਦੀ ਹੈ। ਇਸ ਦੀ ਜੜ੍ਹ ਤੇ ਛਿੱਲ ਨੂੰ ਪੇਟ ਦੀਆਂ ਬਿਮਾਰੀਆਂ ਲਈ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਇਸ ਦੀ ਲਾਖ ਵੀ ਕਈ ਕੰਮ ਆਉਂਦੀ ਹੈ। ਇਸ ਤੋਂ ਬਟਨ, ਬਿਜਲੀ ਦੀਆਂ ਤਾਰਾਂ ਲਈ ਪਲਾਸਟਿਕ ਆਦਿ ਬਣਦੀ ਹੈ। ਇਸ ਦੀ ਲੱਕੜ ਕੱਚੀ ਹੋਣ ਕਰਕੇ ਇਹ ਬਾਲਣ ਜਾਂ ਹੋਰ ਛੋਟੇ-ਮੋਟੇ ਕੰਮਾਂ ਲਈ ਹੀ ਵਰਤੀ ਜਾਂਦੀ ਹੈ। ਪਿੱਪਲ਼ ਨਾਲ਼ ਸਾਡੀ ਸਾਂਝ ਦਰਸਾਉਂਦੇ ਅਨੇਕਾਂ ਲੋਕ-ਗੀਤ ਹਨ, ਜਿਵੇਂ :-

**ਸੁਣ ਪਿੱਪਲ਼ਾ ਵੇ, ਮੇਰੇ ਪਿੰਡ ਦਿਆ,**
**ਪੀਂਘਾਂ ਤੇਰੇ 'ਤੇ ਪਾਈਆਂ।**
**ਹਾੜ੍ਹ ਮਹੀਨੇ ਛਾਂਵੇਂ ਬੈਠਣ,**
**ਪਿੰਡ ਦੀਆਂ ਮੱਝੀਆਂ-ਗਾਂਈਆਂ।**

ਹੁਣ ਵਾਰੀ ਹੈ ਰੁੱਖਾਂ ਵਿੱਚੋਂ ਵੱਡੀ ਉਮਰ ਦੇ, ਵੱਡੇ ਆਕਾਰ ਵਾਲ਼ੇ ਰੁੱਖ ਦੀ। ਇਹ ਰੁੱਖ ਹੈ-'ਬੋਹੜ'। ਇਸ ਦੀ ਉਮਰ ਸੈਂਕੜੇ ਸਾਲ ਹੁੰਦੀ ਹੈ। ਇਹ ਚਾਰ-ਚੁਫੇਰੇ ਦੂਰ-ਦੂਰ ਤੱਕ ਫੈਲਦਾ ਹੈ। ਇਸ ਦੇ ਟਾਹਣੇ ਕਾਫ਼ੀ ਲੰਬਾਈ ਤੱਕ ਵਧ ਜਾਂਦੇ ਹਨ। ਇਹਨਾਂ ਟਾਹਣਿਆਂ ਦੀ ਮਦਦ ਲਈ ਇਹਨਾਂ ਦੇ ਨਕਲੀ ਤਣੇ ਆ ਜਾਂਦੇ ਹਨ, ਜਿਨ੍ਹਾਂ ਨੂੰ ਬੋਹੜ ਦੀ ਦਾੜ੍ਹੀ ਕਹਿੰਦੇ ਹਨ। ਬੱਚੇ ਅਕਸਰ ਇਸ ਨਾਲ਼ ਲਮਕ ਕੇ ਝੂਟੇ ਲੈਂਦੇ ਹਨ। ਪਿੱਪਲ਼ ਵਾਂਗ ਇਸ ਦੀ ਲੱਕੜ ਵੀ ਬਾਲਣ ਤੋਂ ਬਿਨਾਂ ਕਿਸੇ ਹੋਰ ਕੰਮ ਘੱਟ ਹੀ ਆਉਂਦੀ ਹੈ। ਇਸ ਦੀ ਛਾਂ ਬੜੀ ਸੰਘਣੀ ਹੁੰਦੀ ਹੈ। ਵੱਡੇ ਆਕਾਰ ਅਤੇ ਸੰਘਣੇ ਪੱਤਿਆਂ ਕਰਕੇ ਬਹੁਤ ਸਾਰੇ ਪੰਛੀ ਇਸ ਉੱਤੇ ਆਪਣੇ ਆਲ੍ਹਣੇ ਪਾਉਂਦੇ ਹਨ। ਇਸ ਦੀ ਛਿੱਲ, ਦੁੱਧ ਅਤੇ ਪੱਤਿਆਂ ਨੂੰ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ ਵੀ ਵਰਤਿਆ ਜਾਂਦਾ ਹੈ। ਇਸ ਦੇ ਫਲ਼ ਨੂੰ 'ਗੋਲ੍ਹ' ਕਿਹਾ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਦੀ ਸੰਖਿਆ ਵਿੱਚ ਇਸ ਦੇ ਬੀਜ ਹੁੰਦੇ ਹਨ। ਗੀਤਾਂ ਵਿੱਚ ਮਾਂ ਦੇ ਪਿਆਰ ਨੂੰ ਬੋਹੜ ਦੀ ਸੰਘਣੀ ਤੇ ਠੰਢੀ ਛਾਂ ਨਾਲ਼ ਮੇਲ਼ ਕੇ ਦੇਖਿਆ ਜਾਂਦਾ ਹੈ -

**ਇੱਕ ਮਾਂ, ਬੋਹੜ ਦੀ ਛਾਂ ਤੇ ਰੱਬ ਦਾ ਨਾਂ,**
**ਪਿਆਰੇ ਇੱਕੋ-ਜਿਹੇ।**

ਪਿਆਰੇ ਬੱਚਿਓ! ਆਪਾਂ ਜਾਣ ਲਿਆ ਹੈ ਕਿ ਇਹ ਰੁੱਖ ਸਾਡੇ ਲਈ ਕਿੰਨੇ ਜ਼ਰੂਰੀ ਹਨ। ਰੁੱਖਾਂ ਬਿਨਾਂ ਮਨੁੱਖ ਦਾ ਜੀਵਨ ਹੀ ਸੰਭਵ ਨਹੀਂ। ਇਸ ਲਈ ਆਓ, ਆਪਾਂ ਸਭ ਮਿਲ਼ ਕੇ ਖ਼ਤਮ ਹੋ ਰਹੇ ਰੁੱਖਾਂ ਨੂੰ ਬਚਾਈਏ। ਸਾਰੇ ਵੱਧ ਤੋਂ ਵੱਧ ਰੁੱਖ ਲਗਾਈਏ ਤਾਂਕਿ ਸਾਡੀ ਧਰਤੀ ਹਰੀ-ਭਰੀ ਰਹੇ।



## ਪਾਠ-ਅਭਿਆਸ



### 1. ਯਾਦ ਰੱਖਣਯੋਗ ਗੱਲਾਂ :

- **ਪੰਜਾਬ ਦਾ ਰਾਜ-ਰੁੱਖ ਟਾਹਲੀ ਹੈ।**
- **ਨਿੰਮ ਦਾ ਰੁੱਖ ਕਈ ਰੋਗਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।**
- **ਬੋਹੜ ਦੀ ਉਮਰ ਸੈਂਕੜੇ ਸਾਲ ਹੁੰਦੀ ਹੈ।**

## 2. ਪੜ੍ਹੋ ਅਤੇ ਸਮਝੋ :

| | | |
|---|---|---|
| ਲੋਪ | : | ਖ਼ਤਮ |
| ਸਦੀ | : | ਸੌ ਸਾਲ ਦਾ ਸਮਾਂ |
| ਸੱਖਣੇ | : | ਖ਼ਾਲੀ |
| ਸੈਂਕੜੇ | : | ਕੋਈ ਸੌ |
| ਜੁੱਸਿਆਂ | : | ਸਰੀਰਾਂ |
| ਤਨ | : | ਸਰੀਰ |
| ਲੱਖਣ | : | ਅੰਦਾਜ਼ਾ |
| ਲਾਖ | : | ਪੌਦੇ ਦੇ ਤਣੇ ਵਿੱਚੋਂ ਰਿਸਣ ਵਾਲ਼ਾ ਪਦਾਰਥ |

## 3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਕੋਈ ਸਮਾਂ ਸੀ ਜਦੋਂ ਹਰੇਕ ਘਰ ਵਿੱਚ ਕੋਈ ਨਾ ਕੋਈ ........................ ਜ਼ਰੂਰ ਹੁੰਦਾ ਸੀ।

(ਅ) ਨਿੰਮ ਦੀ ........................ ਦੰਦਾਂ ਨੂੰ ਰੋਗ-ਰਹਿਤ ਰੱਖਦੀ ਹੈ।

(ੲ) ਘਰਾਂ ਵਿੱਚ ਮਸਾਲੇ ਰਗੜਨ ਲਈ ਵਰਤੇ ਜਾਂਦੇ ........................ ਜ਼ਿਆਦਾਤਰ ਨਿੰਮ ਰੁੱਖ ਦੇ ਬਣੇ ਹੁੰਦੇ ਹਨ।

(ਸ) ਪਿੱਪਲ਼ ਦੀ ਜੜ੍ਹ ਅਤੇ ਛਿੱਲ ਨੂੰ ........................ ਦੀਆਂ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

(ਹ) ਬੋਹੜ ਦੇ ਵੱਡੇ ਆਕਾਰ ਉੱਤੇ ਸੰਘਣੇ ਪੱਤਿਆਂ ਕਰਕੇ ਬਹੁਤ ਸਾਰੇ ਪੰਛੀ ਇਸ ਉੱਤੇ ਆਪਣੇ ........................ ਪਾਉਂਦੇ ਹਨ।

*(ਦਾਤਣ, ਪੇਟ, ਆਲ੍ਹਣੇ, ਰੁੱਖ, ਘੋਟਣੇ)*

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬ ਦਾ ਰਾਜ-ਰੁੱਖ ਕਿਹੜਾ ਹੈ ?

..........................................................................................................

..........................................................................................................

..........................................................................................................

..........................................................................................................

(ਅ) ਟਾਹਲੀ ਦੀ ਲੱਕੜ ਕਿਹੋ-ਜਿਹੀ ਹੁੰਦੀ ਹੈ?

..........................................................................................................

..........................................................................................................

..........................................................................................................

..........................................................................................................

(ੲ) ਨਿੰਮ ਦੇ ਰੁੱਖ 'ਤੇ ਲੱਗਣ ਵਾਲ਼ੇ ਫਲ਼ ਦਾ ਨਾਂ ਲਿਖੋ।

..........................................................................................................

..........................................................................................................

..........................................................................................................

..........................................................................................................

(ਸ) ਪਿੱਪਲ਼ ਦੇ ਰੁੱਖ ਨੂੰ ਕੱਟਿਆ ਕਿਉਂ ਨਹੀਂ ਜਾਂਦਾ?

..........................................................................................................

..........................................................................................................

..........................................................................................................

..........................................................................................................

(ਹ) ਬੋਹੜ ਦਾ ਰੁੱਖ ਸਾਡੇ ਕੀ ਕੰਮ ਆਉਂਦਾ ਹੈ?

..........................................................................................................

..........................................................................................................

..........................................................................................................

..........................................................................................................

(ਕ) ਪਿੱਪਲ਼ ਦੀ ਲਾਖ ਤੋਂ ਕੀ ਕੁਝ ਬਣਦਾ ਹੈ?

..........................................................................................................

..........................................................................................................

..........................................................................................................

..........................................................................................................

5. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

(ੳ) ਰੁੱਖ : ................................................................................................
................................................................................................

(ਅ) ਲੱਕੜ : ................................................................................................
................................................................................................

(ੲ) ਉਮਰ : ................................................................................................
................................................................................................

(ਸ) ਝੂਟੇ : ................................................................................................
................................................................................................

(ਹ) ਛਾਂ : ................................................................................................
................................................................................................

6. **ਮਿਲਾਣ ਕਰੋ :**

| | |
|---|---|
| ਟਾਹਲੀ | ਧਾਰਮਿਕ ਸੰਸਕਾਰਾਂ ਨਾਲ਼ ਜੁੜਿਆ ਰੁੱਖ |
| ਨਿੰਮ | ਮਜ਼ਬੂਤ ਲੱਕੜ |
| ਪਿੱਪਲ਼ | ਸੰਘਣੀ ਛਾਂ |
| ਬੋਹੜ | ਰੋਗਾਂ ਦਾ ਇਲਾਜ |

7. **ਵੱਖ-ਵੱਖ ਰੁੱਖਾਂ ਬਾਰੇ ਗੀਤਾਂ ਦੀਆਂ ਕੁਝ ਸਤਰਾਂ ਸੁੰਦਰ ਕਰਕੇ ਲਿਖੋ :**

................................................................................................
................................................................................................

................................................................................................
................................................................................................

................................................................................................
................................................................................................

................................................................................................
................................................................................................

................................................................................................
................................................................................................

੪. ਆਪਣੇ ਚਾਚਾ ਜੀ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਸਕੂਲ ਵਿੱਚੋਂ ਛੁੱਟੀ ਲੈਣ ਲਈ ਅਰਜ਼ੀ ਲਿਖੋ।

..........................................

..........................................

...................................................

...................................................

...................................................

...................................................

....................................................

....................................................

..........................................

..........................................

..............................................................

..............................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

........................................................................................................................

...................................................

...................................................

.......................................... ...................................................

.......................................... ...................................................

....................................................

....................................................

ਪਾਠ-13

# ਮੱਘੂ ਮਗਰ-ਮੱਛ ਤੇ ਪੰਛੀ

ਸੈਂਕੜੇ ਵਰ੍ਹੇ ਪਹਿਲਾਂ ਦੀ ਗੱਲ ਹੈ। ਉਦੋਂ ਮਗਰ-ਮੱਛ ਆਪਣੇ ਦੰਦ ਸਾਫ਼ ਨਹੀਂ ਸਨ ਕਰਦੇ। ਉਹ ਸਾਰਾ ਦਿਨ ਗੰਦੇ ਬਣੇ ਰਹਿੰਦੇ ਸਨ। ਮੱਘੂ ਮਗਰ-ਮੱਛ ਵੀ ਬਾਕੀ ਮਗਰ-ਮੱਛਾਂ ਵਰਗਾ ਹੀ ਸੀ। ਇੱਕ ਦਿਨ ਉਹ ਨਦੀ ਤੋਂ ਬਾਹਰ ਧੁੱਪੇ ਲੰਮਾ ਪਿਆ ਸੀ। ਇੱਕ ਚਿੜੀ ਰੁੱਖ ਉੱਤੇ ਬੈਠੀ ਟਾਹਣੀ ਨਾਲ਼ ਚੁੰਝ ਰਗੜ ਰਹੀ ਸੀ, ਕਦੀ ਇੱਕ ਪਾਸਿਓਂ ਤੇ ਕਦੀ ਦੂਜੇ ਪਾਸਿਓਂ।

"ਚਿੜੀਏ! ਚਿੜੀਏ! ਤੂੰ ਇਹ ਕੀ ਕਰ ਰਹੀ ਏਂ?" ਮੱਘੂ ਮਗਰ-ਮੱਛ ਨੇ ਪੁੱਛਿਆ।

"ਭੋਜਨ ਖਾਣ ਪਿੱਛੋਂ ਮੈਂ ਚੁੰਝ ਸਾਫ਼ ਕਰ ਰਹੀ ਹਾਂ।" ਚਿੜੀ ਨੇ ਦੱਸਿਆ।

"ਕਾਹਦੇ ਲਈ?"

"ਵੇਖ ਮੱਘੂ! ਸਾਨੂੰ ਹਮੇਸ਼ਾਂ ਸਾਫ਼-ਸੁਥਰੇ ਬਣ ਕੇ ਰਹਿਣਾ ਚਾਹੀਦੈ। ਤੂੰ ਵੀ ਭੋਜਨ ਖਾਣ ਤੋਂ ਪਿੱਛੋਂ ਮੂੰਹ ਸਾਫ਼ ਕਰਿਆ ਕਰ।"

"ਮੂੰਹ ਸਾਫ਼ ਕਰਨ ਨਾਲ਼ ਕੀ ਹੋਊ?"

"ਤੂੰ ਸੋਹਣਾ ਲੱਗੇਂਗਾ।"

"ਹੋਰ?"

"ਤੇਰੇ ਕੋਲ਼ੋਂ ਬਦਬੋ ਵੀ ਨਹੀਂ ਆਊ।"

"ਹੋਰ?"

"ਤੇਰੀ ਸਿਹਤ ਚੰਗੀ ਰਹੂ! ਤੂੰ ਬਿਮਾਰ ਵੀ ਨਹੀਂ ਹੋਵੇਂਗਾ।"

ਮੱਘੂ ਮਗਰ-ਮੱਛ ਨੂੰ ਚਿੜੀ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਸ ਨੇ ਵੀ ਚਿੜੀ ਵਾਂਗ ਹੇਠਾਂ ਬੂਥੀ ਰਗੜੀ। ਉੱਥੇ ਚਿੱਕੜ ਸੀ। ਮੱਘੂ ਦਾ ਮੂੰਹ ਚਿੱਕੜ ਨਾਲ਼ ਲਿੱਬੜ ਗਿਆ।

ਚਿੜੀ ਹੱਸਣ ਲੱਗ ਪਈ,"ਭੋਲ਼ਿਆ! ਇਸ ਤਰ੍ਹਾਂ ਤਾਂ ਚੁੰਝ ਸਾਫ਼ ਕਰੀਦੀ ਐ।"

ਮੱਘੂ ਮਗਰ-ਮੱਛ ਝੱਟ ਨਦੀ ਵਿੱਚ ਵੜ ਗਿਆ।

ਨਦੀ ਦੇ ਪਾਣੀ ਨੇ ਉਹਦੇ ਮੂੰਹ ਦਾ ਚਿੱਕੜ ਧੋ ਦਿੱਤਾ।

ਮੱਘੂ ਮਗਰ-ਮੱਛ ਜੋ ਵੀ ਖਾਂਦਾ, ਉਸ ਦੇ ਦੰਦਾਂ ਦੀਆਂ ਵਿਰਲਾਂ ਵਿੱਚ ਉਸ ਦੇ ਟੁਕੜੇ ਫਸ ਜਾਂਦੇ ਸਨ। ਉਸ ਨੇ ਦੰਦ ਸਾਫ਼ ਕਰਨ ਲਈ ਆਪਣੇ ਅਗਲੇ ਪੈਰਾਂ ਨੂੰ ਹੱਥਾਂ ਵਾਂਗ ਵਰਤਣ ਦੀ ਕੋਸ਼ਸ਼ ਕੀਤੀ। ਉਸ ਦੇ ਪੈਰ ਨਿੱਕੇ ਸਨ, ਮੂੰਹ ਤੱਕ ਨਹੀਂ ਸਨ ਪਹੁੰਚ ਰਹੇ।



ਉਹਨੇ ਚਿੜੀ ਨੂੰ ਪੁੱਛਿਆ,"ਚਿੜੀਏ! ਚਿੜੀਏ! ਤੂੰ ਕਰ ਦੇਵੇਂਗੀ, ਮੇਰੇ ਦੰਦ ਸਾਫ਼?"

"ਤੇਰਾ ਤਾਂ ਮੂੰਹ ਵੱਡਾ ਸਾਰਾ ਏ ਤੇ ਦੰਦ ਕਿੰਨੇ ਸਾਰੇ! ਏਨਾ ਕੰਮ ਮੈਂ ਇਕੱਲੀ ਕਿਸ ਤਰ੍ਹਾਂ ਕਰੂੰ? ਤੂੰ ਇਹਨਾਂ ਰੁੱਖਾਂ ਉੱਤੇ ਬੈਠੇ ਪੰਛੀਆਂ ਨੂੰ ਕਹਿ ਕਿ ਉਹ ਤੇਰੀ ਸਹਾਇਤਾ ਕਰਨ।"

ਮੱਘੂ ਮਗਰ-ਮੱਛ ਨੇ ਪੰਛੀਆਂ ਨੂੰ ਪੁੱਛਿਆ,"ਸੋਹਣੇ ਪੰਛੀਓ! ਕਰ ਦਿਓਗੇ ਮੇਰੇ ਦੰਦ ਸਾਫ਼?" ਇੱਕ ਗੁਟਾਰ ਉੱਡ ਕੇ ਹੇਠਲੀ ਟਾਹਣੀ ਉੱਤੇ ਆ ਗਈ। ਉਹ ਬੋਲੀ,"ਇਹ ਕੰਮ ਨਹੀਂ ਸਾਨੂੰ ਪੁੱਗਣਾ। ਉਹੋ ਵੇਲ਼ਾ ਚੋਗਾ ਚੁਗਣ ਦਾ ਤੇ ਉਹੋ ਵੇਲ਼ਾ ਤੇਰੇ ਦੰਦ ਸਾਫ਼ ਕਰਨ ਦਾ।"

ਗੁਟਾਰ ਸੱਚ ਹੀ ਕਹਿ ਰਹੀ ਸੀ। ਪੰਛੀਆਂ ਕੋਲ਼ ਵਿਹਲ ਨਹੀਂ ਸੀ। ਪੰਛੀਆਂ ਨੂੰ ਭੋਜਨ ਦੀ ਭਾਲ਼ ਵਿੱਚ ਦੂਰ-ਦੂਰ ਤੱਕ ਉਡਾਰੀਆਂ ਭਰਨੀਆਂ ਪੈਂਦੀਆਂ ਸਨ।

"ਜੇ ਦੋਵੇਂ ਕੰਮ ਇੱਕੋ ਵੇਲ਼ੇ ਹੋ ਜਾਣ ਤਾਂ....?" ਮੱਘੂ ਨੇ ਆਖਿਆ।

"ਉਹ ਕਿਸ ਤਰ੍ਹਾਂ?"

ਮੱਘੂ ਮਗਰ-ਮੱਛ ਨੇ ਪੰਛੀਆਂ ਨੂੰ ਸਮਝਾਇਆ,"ਜਦੋਂ ਮੇਰੇ ਦੰਦ ਸਾਫ਼ ਕਰੋਗੇ ਤਾਂ ਦੰਦਾਂ ਵਿੱਚ ਫਸਿਆ ਹੋਇਆ ਭੋਜਨ ਵੀ ਤੁਹਾਨੂੰ ਲੱਭੂ। ਉਹ ਸਾਰਾ ਭੋਜਨ ਤੁਹਾਡਾ।"

ਇਹ ਦੋਹਾਂ ਧਿਰਾਂ ਦੇ ਫ਼ਾਇਦੇ ਦੀ ਗੱਲ ਸੀ। ਪੰਛੀਆਂ ਨੂੰ ਮੱਘੂ ਮਗਰ-ਮੱਛ ਦੇ ਮੂੰਹ ਵਿੱਚ ਵੜ ਕੇ ਉਹਦੇ ਦੰਦ ਸਾਫ਼ ਕਰਨੇ ਪੈਣੇ ਸਨ। ਇਸ ਵਿੱਚ ਜਾਨ ਦਾ ਖ਼ਤਰਾ ਸੀ। ਜੇ ਉਦੋਂ ਮੱਘੂ ਨੇ ਆਪਣਾ ਮੂੰਹ ਬੰਦ ਕਰ ਲਿਆ ਤਾਂ....?" ਕਾਂ ਇਹ ਸੋਚ ਕੇ ਡਰ ਗਿਆ।

ਮੱਘੂ ਨੇ ਕਾਂ ਦੇ ਮਨ ਦੀ ਗੱਲ ਬੁੱਝ ਲਈ। ਉਸ ਨੇ ਆਪਣੇ ਵੱਲੋਂ ਪੰਛੀਆਂ ਨੂੰ ਭਰੋਸਾ ਦਿੱਤਾ,"ਸੋਹਣੇ ਪੰਛੀਓ! ਮੇਰਾ ਪੱਕਾ ਵਾਇਦਾ ਰਿਹਾ, ਦੰਦਾਂ ਦੀ ਸਫ਼ਾਈ ਵੇਲ਼ੇ ਮੂੰਹ ਖੁੱਲ੍ਹਾ ਹੀ ਰੱਖਿਆ ਕਰੂੰ।"

ਨਿੱਕੀ ਚਿੜੀ ਮੱਘੂ ਮਗਰ-ਮੱਛ ਦੀ ਪਿੱਠ ਉੱਤੇ ਬੈਠ ਕੇ ਕਈ ਵਾਰ ਨਦੀ ਵਿੱਚ ਦੂਰ-ਦੂਰ ਤੱਕ ਸੈਰ ਕਰ ਆਉਂਦੀ ਸੀ। ਉਹਨੂੰ ਮੱਘੂ ਦੀ ਗੱਲ ਦਾ ਯਕੀਨ ਸੀ। ਉਹ ਮੱਘੂ ਦੇ ਦੰਦ ਸਾਫ਼ ਕਰਨ ਲਈ ਤਿਆਰ ਹੋ ਗਈ।

ਮੱਘੂ ਮਗਰ-ਮੱਛ ਨੇ ਪੂਰਾ ਮੂੰਹ ਖੋਲ੍ਹ ਲਿਆ। ਚਿੜੀ ਉਹਦੇ ਮੂੰਹ ਵਿੱਚ ਵੜ ਕੇ ਚੁੰਝਾਂ ਮਾਰਨ ਲੱਗ ਪਈ। ਚਿੜੀ ਨੂੰ ਵੇਖ ਕੇ ਦੋ ਹੋਰ ਪੰਛੀ ਵੀ ਉੱਡ ਕੇ ਮੱਘੂ ਮਗਰ-ਮੱਛ ਦੇ ਮੂੰਹ ਵਿੱਚ ਵੜ ਗਏ।

ਬਾਕੀ ਪੰਛੀ ਕੁਝ ਡਰੇ-ਡਰੇ ਜਿਹੇ ਮੱਘੂ ਮਗਰ-ਮੱਛ ਦੇ ਦੰਦ ਸਾਫ਼ ਹੁੰਦੇ ਵੇਖਣ ਲੱਗ ਪਏ। ਪੰਛੀਆਂ ਨੇ ਭਰ-ਪੇਟ ਭੋਜਨ ਵੀ ਖਾਧਾ ਅਤੇ ਮੱਘੂ ਮਗਰ-ਮੱਛ ਦੇ ਦੰਦ ਵੀ ਸਾਫ਼ ਹੋ ਗਏ। ..... ਤੇ ਫਿਰ ਇਹ ਪੰਛੀਆਂ ਦਾ ਨਿੱਤ ਦਾ ਕੰਮ ਹੋ ਗਿਆ। ਹੌਲ਼ੀ-ਹੌਲ਼ੀ ਸਾਰੇ ਮਗਰ-ਮੱਛਾਂ ਦੇ ਦੰਦ ਸਾਫ਼ ਕਰਨ ਦੀ ਜ਼ੁੰਮੇਵਾਰੀ ਪੰਛੀਆਂ ਨੇ ਆਪਣੇ ਸਿਰ ਲੈ ਲਈ।




**1. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਨਦੀ ਦੇ ਪਾਣੀ ਨੇ ਉਹਦੇ ਮੂੰਹ ਦਾ .................... ਧੋ ਦਿੱਤਾ।

(ਅ) ਪੰਛੀਆਂ ਨੂੰ ..................... ਦੀ ਭਾਲ਼ ਵਿੱਚ ਦੂਰ-ਦੂਰ ਤੱਕ ਉਡਾਰੀਆਂ ਭਰਨੀਆਂ ਪੈਂਦੀਆਂ ਸਨ।

(ੲ) ਨਿੱਕੀ ਚਿੜੀ ਮੱਘੂ ਮਗਰ-ਮੱਛ ਦੀ .................. ਉੱਤੇ ਬੈਠ ਕੇ ਕਈ ਵਾਰ ਨਦੀ ਵਿੱਚ ਦੂਰ- ਦੂਰ ਤੱਕ ਸੈਰ ਕਰ ਆਉਂਦੀ ਸੀ।

(ਸ) ਚਿੜੀ ਉਹਦੇ ਮੂੰਹ ਵਿੱਚ ਵੜ ਕੇ ...................... ਮਾਰਨ ਲੱਗ ਪਈ।

(ਹ) ਪੰਛੀਆਂ ਨੇ ਭਰ-ਪੇਟ ਭੋਜਨ ਵੀ ਖਾਧਾ ਅਤੇ ਮੱਘੂ ਮਗਰ-ਮੱਛ ਦੇ ................ ਵੀ ਸਾਫ਼ ਹੋ ਗਏ।

*(ਪਿੱਠ, ਚੁੰਝਾਂ, ਦੰਦ, ਭੋਜਨ, ਚਿੱਕੜ)*

**2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਚਿੜੀ ਨੇ ਮੱਘੂ ਨੂੰ ਕੀ ਕਿਹਾ ?

..........................................................................................

..........................................................................................

..........................................................................................

..........................................................................................

(ਅ) ਚਿੜੀ ਨੇ ਮੱਘੂ ਮਗਰ-ਮੱਛ ਨੂੰ ਮੂੰਹ ਸਾਫ਼ ਕਰਨ ਦੇ ਕੀ-ਕੀ ਲਾਭ ਦੱਸੇ ?

..........................................................................................

..........................................................................................

..........................................................................................

..........................................................................................

(ੲ) ਗੁਟਾਰ ਨੇ ਮੱਘੂ ਮਗਰ-ਮੱਛ ਨੂੰ ਕੀ ਕਿਹਾ ?

..........................................................................................

..........................................................................................

..........................................................................................

..........................................................................................

(ਸ) ਮੱਘੂ ਮਗਰ-ਮੱਛ ਨੇ ਪੰਛੀਆਂ ਨੂੰ ਕੀ ਸਮਝਾਇਆ ?

..........................................................................................

..........................................................................................

..........................................................................................

..........................................................................................

(ਹ) ਮੱਘੂ ਮਗਰ-ਮੱਛ ਨੇ ਪੰਛੀਆਂ ਨਾਲ਼ ਕੀ ਵਾਇਦਾ ਕੀਤਾ ?

..........................................................................................

..........................................................................................

..........................................................................................

..........................................................................................

3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਕੋਸ਼ਸ਼ : ..........................................................................
..........................................................................

(ਅ) ਸਹਾਇਤਾ : ..........................................................................
..........................................................................

(ੲ) ਸਾਫ਼-ਸੁਥਰੇ : ..........................................................................
..........................................................................

(ਸ) ਜ਼ੁੰਮੇਵਾਰੀ : ..........................................................................
..........................................................................

(ਹ) ਭਰੋਸਾ : ..........................................................................
..........................................................................

4. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

(ੳ) "ਸਾਨੂੰ ਹਮੇਸ਼ਾਂ ਸਾਫ਼-ਸੁਥਰੇ ਬਣ ਕੇ ਰਹਿਣਾ ਚਾਹੀਦੈ। ਤੂੰ ਵੀ ਭੋਜਨ ਖਾਣ ਤੋਂ ਪਿੱਛੋਂ ਮੂੰਹ ਸਾਫ਼ ਕਰਿਆ ਕਰ।"
..........................................................................................
..........................................................................................


(ਅ) "ਤੇਰਾ ਤਾਂ ਮੂੰਹ ਵੱਡਾ ਸਾਰਾ ਏ ਤੇ ਦੰਦ ਕਿੰਨੇ ਸਾਰੇ ! ਏਨਾ ਕੰਮ ਮੈਂ ਇਕੱਲੀ ਕਿਸ ਤਰ੍ਹਾਂ ਕਰੂੰ ?"
..........................................................................................
..........................................................................................

(ੲ) "ਇਹ ਕੰਮ ਨਹੀਂ ਸਾਨੂੰ ਪੁੱਗਣਾ। ਉਹੋ ਵੇਲ਼ਾ ਚੋਗਾ ਚੁਗਣ ਦਾ ਤੇ ਉਹੋ ਵੇਲ਼ਾ ਤੇਰੇ ਦੰਦ ਸਾਫ਼ ਕਰਨ ਦਾ।"
..........................................................................................
..........................................................................................

(ਸ) "ਮੇਰਾ ਪੱਕਾ ਵਾਇਦਾ ਰਿਹਾ, ਦੰਦਾਂ ਦੀ ਸਫ਼ਾਈ ਵੇਲ਼ੇ ਮੂੰਹ ਖੁੱਲ੍ਹਾ ਹੀ ਰੱਖਿਆ ਕਰੂੰ।"
..........................................................................................
..........................................................................................

5. ਆਪਣੇ ਕਿਸੇ ਮਨਪਸੰਦ ਪੰਛੀ ਦੀ ਤਸਵੀਰ ਬਣਾਓ :

6. ਦੰਦਾਂ ਦੀ ਸੰਭਾਲ਼ :



7. ਹੇਠ ਦਿੱਤੇ ਵਿਸ਼ੇ 'ਤੇ ਲੇਖ ਲਿਖੋ :

## ਦਿਵਾਲ਼ੀ

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

*****

## ਪਾਠ-14

# ਮੇਰਾ ਪੰਜਾਬ

**ਸੋਹਣਿਆਂ ਦੇਸਾਂ ਅੰਦਰ, ਦੇਸ ਪੰਜਾਬ ਨੀ ਸਹੀਓ,**
**ਜਿਵੇਂ ਫੁੱਲਾਂ ਅੰਦਰ ਫੁੱਲ, ਗੁਲਾਬ ਨੀ ਸਹੀਓ।**

(ਫ਼ੀਰੋਜ਼ਦੀਨ ਸ਼ਰਫ਼)

ਸਾਡੇ ਦੇਸ ਵਿੱਚ ਉਣੱਤੀ ਸੂਬੇ ਹਨ। ਪੰਜਾਬ ਇਹਨਾਂ ਵਿੱਚੋਂ ਇੱਕ ਪ੍ਰਸਿੱਧ ਸੂਬਾ ਹੈ। ਇਹ ਭਾਰਤ ਦੀ ਉੱਤਰ-ਪੱਛਮ ਦਿਸ਼ਾ ਵਿੱਚ ਹੈ। ਪੰਜਾਬ ਦੀ ਹੱਦ ਪਾਕਿਸਤਾਨ ਦੇਸ ਨਾਲ਼ ਲੱਗਦੀ ਹੈ। ਇਸ ਕਰਕੇ ਇਸ ਨੂੰ ਸਰਹੱਦੀ ਸੂਬਾ ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਰਾਜਸਥਾਨ ਹਨ। ਇਸ ਦਾ ਖੇਤਰਫਲ ਲੱਗ-ਪਗ ਪੰਜਾਹ ਹਜ਼ਾਰ ਵਰਗ ਕਿਲੋਮੀਟਰ ਹੈ। ਇਸ ਦਾ ਆਕਾਰ ਭਾਵੇਂ ਦੂਜੇ ਸੂਬਿਆਂ ਦੇ ਮੁਕਾਬਲੇ ਘੱਟ ਹੈ, ਪਰ ਦੇਸ ਵਿੱਚ ਇਸ ਦਾ ਨਾਂ ਮਾਣ ਨਾਲ਼ ਲਿਆ ਜਾਂਦਾ ਹੈ।



ਪੰਜਾਬ ਦਾ ਨਾਮਕਰਨ ਦੋ ਸ਼ਬਦਾਂ— 'ਪੰਜ' ਅਤੇ 'ਆਬ' ਦੇ ਸੁਮੇਲ ਨਾਲ਼ ਹੋਇਆ ਹੈ, ਜਿਸ ਤੋਂ ਭਾਵ ਹੈ-ਪੰਜ ਪਾਣੀਆਂ ਦੀ ਧਰਤੀ। ਪੰਜਾਬ ਨੂੰ ਕੁਦਰਤ ਵੱਲੋਂ ਪਾਣੀ ਦੀ ਬਹੁਤ ਵੱਡੀ ਦਾਤ ਬਖ਼ਸ਼ੀ ਗਈ ਹੈ। ਕਿਸੇ ਸਮੇਂ ਪੰਜਾਬ ਵਿੱਚ ਪੰਜ ਦਰਿਆ ਵਗਦੇ ਸਨ-ਜਿਹਲਮ, ਚਨਾਬ, ਰਾਵੀ, ਬਿਆਸ ਤੇ ਸਤਲੁਜ। ਪੰਜਾਬ ਨੂੰ 1947 ਈਸਵੀ ਵਿੱਚ ਬਟਵਾਰੇ ਦਾ ਦਰਦ

ਝੱਲਣਾ ਪਿਆ ਜਿਸ ਕਾਰਨ ਅਜੋਕੇ ਪੰਜਾਬ ਵਿੱਚ ਸਿਰਫ਼ ਤਿੰਨ ਦਰਿਆ ਰਾਵੀ, ਬਿਆਸ ਤੇ ਸਤਲੁਜ ਹੀ ਵਗਦੇ ਹਨ। ਜਿਹਲਮ ਅਤੇ ਚਨਾਬ ਦੇਸ ਦੀ ਵੰਡ ਸਮੇਂ ਪਾਕਿਸਤਾਨ ਵਿੱਚ ਰਹਿ ਗਏ ਸਨ। ਬਹੁਤ ਸਮਾਂ ਪਹਿਲਾਂ ਪੰਜਾਬ ਵਿੱਚ ਕਦੇ ਸੱਤ ਦਰਿਆ ਵੀ ਵਗਦੇ ਸਨ। ਉਸ ਸਮੇਂ ਇਸ ਦਾ ਨਾਂ 'ਸਪਤ-ਸਿੰਧੂ' ਹੁੰਦਾ ਸੀ।




ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਦੀਆਂ ਹੱਦਾਂ ਅਫ਼ਗਾਨਿਸਤਾਨ ਤੋਂ ਸਤਲੁਜ ਦਰਿਆ ਤੱਕ ਫੈਲੀਆਂ ਹੋਈਆਂ ਸਨ। ਬਾਹਰੀ ਹਮਲਾਵਰਾਂ ਦੇ ਧਾਵਿਆਂ ਕਾਰਨ ਇਸ ਦੀਆਂ ਸਰਹੱਦਾਂ ਬਦਲਦੀਆਂ ਰਹੀਆਂ ਹਨ। ਦੇਸ ਦੀ ਵੰਡ ਸਮੇਂ ਪਾਕਿਸਤਾਨ ਬਣਨ ਕਾਰਨ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ—ਪੂਰਬੀ ਪੰਜਾਬ ਅਤੇ ਪੱਛਮੀ ਪੰਜਾਬ। ਭਾਰਤ ਵਿਚਲੇ ਪੰਜਾਬ ਨੂੰ ਪੂਰਬੀ ਜਾਂ ਚੜ੍ਹਦਾ ਪੰਜਾਬ ਅਤੇ ਪਾਕਿਸਤਾਨ ਵਿਚਲੇ ਪੰਜਾਬ ਨੂੰ ਪੱਛਮੀ ਜਾਂ ਲਹਿੰਦਾ ਪੰਜਾਬ ਕਿਹਾ ਜਾਂਦਾ ਹੈ। ਪੰਜਾਬ ਨੂੰ ਦੇਸ ਦੀ 'ਖੜਗ-ਭੁਜਾ' ਵੀ ਕਿਹਾ ਜਾਂਦਾ ਹੈ। ਪੰਜਾਬ ਦੇ ਲੋਕਾਂ ਨੇ ਹਮੇਸ਼ਾਂ ਹੀ ਦੇਸ ਦੀ ਰੱਖਿਆ ਲਈ ਬਾਹਰਲੇ ਹਮਲਾਵਰਾਂ ਨਾਲ਼ ਲੋਹਾ ਲਿਆ ਹੈ। ਦੇਸ ਦੀ ਰੱਖਿਆ ਲਈ ਸਮੇਂ-ਸਮੇਂ ਕੀਤੀਆਂ ਕੁਰਬਾਨੀਆਂ ਸਦਕਾ ਪੰਜਾਬ ਦਾ ਨਾਂ ਬਹੁਤ ਮਾਣ ਨਾਲ਼ ਲਿਆ ਜਾਂਦਾ ਹੈ।

ਪੰਜਾਬ ਨੂੰ ਭੂਗੋਲਿਕ ਆਧਾਰ 'ਤੇ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ

ਹੈ-ਮਾਝਾ, ਦੁਆਬਾ ਅਤੇ ਮਾਲਵਾ। ਬਿਆਸ ਦਰਿਆ ਤੋਂ ਪਾਕਿਸਤਾਨ ਦੀ ਹੱਦ ਤੱਕ ਫੈਲੇ ਖੇਤਰ ਨੂੰ 'ਮਾਝਾ' ਕਿਹਾ ਜਾਂਦਾ ਹੈ। ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ 'ਦੁਆਬਾ' ਕਹਿੰਦੇ ਹਨ। ਸਤਲੁਜ ਦਰਿਆ ਤੋਂ ਹਰਿਆਣਾ ਅਤੇ ਰਾਜਸਥਾਨ ਦੀ ਹੱਦ ਤੱਕ ਫੈਲਿਆ ਖੇਤਰ 'ਮਾਲਵਾ' ਅਖਵਾਉਂਦਾ ਹੈ। ਪੰਜਾਬ ਦੇ ਕੁੱਲ 22 ਜ਼ਿਲ੍ਹੇ ਹਨ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਅੰਮ੍ਰਿਤਸਰ, ਪਟਿਆਲ਼ਾ, ਲੁਧਿਆਣਾ, ਜਲੰਧਰ, ਬਠਿੰਡਾ ਆਦਿ ਪੰਜਾਬ ਦੇ ਪ੍ਰਮੁੱਖ ਸ਼ਹਿਰ ਹਨ ਜਿਨ੍ਹਾਂ ਦੇ ਨਾਂ ਵੱਖ-ਵੱਖ ਕਾਰਨਾਂ ਕਰਕੇ ਦੇਸ ਅਤੇ ਸੰਸਾਰ ਵਿੱਚ ਪ੍ਰਸਿੱਧ ਹਨ। ਅੰਮ੍ਰਿਤਸਰ ਸਿੱਖ ਧਰਮ ਦਾ ਪਵਿੱਤਰ ਸਥਾਨ ਹੈ। ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿੱਚ ਹੀ ਸਥਿਤ ਹੈ। ਪਟਿਆਲ਼ਾ, ਪੰਜਾਬ ਦਾ ਇੱਕ ਪ੍ਰਸਿੱਧ ਸ਼ਹਿਰ ਹੈ। ਇੱਥੇ ਬਹੁਤ ਸਾਰੀਆਂ ਇਤਿਹਾਸਿਕ ਇਮਾਰਤਾਂ ਹਨ। ਇਸ ਰਾਜ ਦਾ ਮੁੱਖ ਉਦਯੋਗਿਕ ਸ਼ਹਿਰ ਲੁਧਿਆਣਾ ਹੈ। ਜਲੰਧਰ ਖੇਡਾਂ ਅਤੇ ਲੁਧਿਆਣਾ ਹੌਜ਼ਰੀ ਦਾ ਸਮਾਨ ਤਿਆਰ ਕਰਨ ਲਈ ਲਈ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਬਠਿੰਡੇ ਵਿੱਚ ਇੱਕ ਇਤਿਹਾਸਿਕ ਕਿਲ੍ਹਾ ਹੈ। ਇੱਥੇ ਏਸ਼ੀਆ ਮਹਾਂਦੀਪ ਦੀ ਸਭ ਤੋਂ ਵੱਡੀ ਛਾਉਣੀ ਅਤੇ ਇੱਕ ਵੱਡਾ ਰੇਲਵੇ-ਜੰਕਸ਼ਨ ਹੈ।

ਪੰਜਾਬ ਦਾ ਵਿਰਸਾ ਬਹੁਤ ਅਮੀਰ ਹੈ। ਲੋਕ ਆਪਸੀ ਭਾਈਚਾਰੇ ਅਤੇ ਪਿਆਰ ਨਾਲ਼ ਰਹਿੰਦੇ ਹਨ। ਲੋਕਾਂ ਦਾ ਰਹਿਣ-ਸਹਿਣ ਸਾਦਾ ਅਤੇ ਖੁੱਲ੍ਹਾ-ਡੁੱਲ੍ਹਾ ਹੈ। ਸਰੀਰਿਕ ਪੱਖ ਤੋਂ ਪੰਜਾਬੀ ਉੱਚੇ-ਲੰਮੇ ਕੱਦ ਅਤੇ ਤਾਕਤਵਰ ਜੁੱਸੇ ਵਾਲ਼ੇ ਹਨ। ਕਬੱਡੀ, ਕੁਸ਼ਤੀ, ਖੋ-ਖੋ, ਹਾਕੀ, ਗਤਕਾ, ਰੱਸਾਕਸੀ ਆਦਿ ਪੰਜਾਬ ਦੀਆਂ ਪ੍ਰਮੁੱਖ ਖੇਡਾਂ ਹਨ। ਲੂਣ-ਮਿਆਣੀ, ਬਾਂਦਰ-ਕਿੱਲਾ, ਭੰਡਾ-ਭੰਡਾਰੀਆ, ਕੋਟਲਾ-ਛਪਾਕੀ, ਈਂਗਣ-ਮੀਂਗਣ, ਪਿੱਠੂ, ਗੁੱਲੀ-ਡੰਡਾ ਆਦਿ ਪੰਜਾਬ ਦੀਆਂ ਵਿਰਾਸਤੀ ਖੇਡਾਂ ਹਨ।

ਪੰਜਾਬ ਵਿੱਚ ਬਹੁਤ ਸਾਰੇ ਮੇਲੇ ਲੱਗਦੇ ਹਨ, ਜਿਨ੍ਹਾਂ ਵਿੱਚੋਂ ਵਿਸਾਖੀ, ਜਗਰਾਵਾਂ ਦੀ ਰੋਸ਼ਨੀ, ਛਪਾਰ ਦਾ ਮੇਲਾ, ਮਾਘੀ ਦਾ ਮੇਲਾ ਅਤੇ ਸ਼ਹੀਦੀ ਜੋੜ-ਮੇਲਾ ਆਦਿ ਪ੍ਰਮੁੱਖ ਹਨ। ਦਿਵਾਲ਼ੀ, ਹੋਲੀ, ਲੋਹੜੀ, ਰੱਖੜੀ, ਈਦ, ਤੀਆਂ ਅਤੇ ਬਸੰਤ ਇੱਥੋਂ ਦੇ ਪ੍ਰਮੁੱਖ ਤਿਉਹਾਰ ਹਨ।

ਪੰਜਾਬੀ ਲੋਕ ਇੱਕ-ਦੂਜੇ ਨਾਲ਼ ਦੁੱਖ ਵੰਡਾਉਂਦੇ ਅਤੇ ਖ਼ੁਸ਼ੀਆਂ ਸਾਂਝੀਆਂ ਕਰਦੇ ਹਨ। ਲੋਕ ਵਿਆਹਾਂ-ਸ਼ਾਦੀਆਂ ਵਿੱਚ ਨੱਚ-ਟੱਪ ਕੇ ਖ਼ੁਸ਼ੀ ਮਨਾਉਂਦੇ ਹਨ। ਗਿੱਧਾ ਅਤੇ ਭੰਗੜਾ ਇੱਥੋਂ ਦੇ ਮੁੱਖ ਲੋਕ-ਨਾਚ ਹਨ। ਇਸ ਤੋਂ ਇਲਾਵਾ ਵਿਆਹ ਦੇ ਗੀਤ, ਬੋਲੀਆਂ, ਸਿੱਠਣੀਆਂ, ਦੋਹੇ, ਕਲੀਆਂ, ਕਵੀਸ਼ਰੀਆਂ, ਲੋਕ-ਗਾਥਾਵਾਂ ਆਦਿ ਵੀ ਪੰਜਾਬ ਦੇ ਸੱਭਿਆਚਾਰ ਦਾ ਅਟੁੱਟ ਅੰਗ ਹਨ। ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਹੈ। ਇਸ ਨੂੰ ਗੁਰਮੁਖੀ ਲਿਪੀ ਵਿੱਚ ਲਿਖਿਆ ਜਾਂਦਾ ਹੈ। ਪੰਜਾਬ ਇੱਕ ਬਹੁਧਰਮੀ ਸੂਬਾ ਹੈ। ਸਭ ਧਰਮਾਂ ਦੇ ਲੋਕ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਹਨ। ਕੁਝ ਸਾਲ ਪਹਿਲਾਂ ਤੱਕ ਲੋਕ ਸਾਂਝੇ ਪਰਿਵਾਰਾਂ ਵਿੱਚ ਰਹਿੰਦੇ ਸਨ। ਸਮਾਂ ਅਤੇ ਲੋੜਾਂ ਬਦਲਣ ਨਾਲ਼ ਹੁਣ ਛੋਟੇ ਪਰਿਵਾਰਾਂ ਦਾ ਰੁਝਾਨ ਵਧ ਰਿਹਾ ਹੈ।

ਪੰਜਾਬ ਦੀ ਮਿੱਟੀ ਬਹੁਤ ਉਪਜਾਊ ਹੈ। ਪੰਜਾਬ ਨੂੰ ਭਾਰਤ ਦਾ ਅੰਨਦਾਤਾ ਕਿਹਾ ਜਾਂਦਾ ਹੈ। ਕਣਕ ਦੀ ਪ੍ਰਤੀ ਏਕੜ ਪੈਦਾਵਾਰ ਲਈ ਪੰਜਾਬ ਦੇਸ ਭਰ ਵਿੱਚੋਂ ਮੋਹਰੀ ਸੂਬਾ ਹੈ। ਨਰਮਾ, ਕਪਾਹ, ਝੋਨਾ, ਸਰ੍ਹੋਂ, ਗੁਆਰਾ, ਮੱਕੀ, ਗੰਨਾ, ਬਾਜਰਾ ਆਦਿ ਪੰਜਾਬ ਦੀਆਂ ਮੁੱਖ ਫ਼ਸਲਾਂ ਹਨ। ਪੁਰਾਣੇ ਸਮਿਆਂ ਵਿੱਚ ਖੇਤੀ ਬਲ਼ਦਾਂ ਅਤੇ ਊਠਾਂ ਨਾਲ਼ ਕੀਤੀ ਜਾਂਦੀ ਸੀ। ਉਸ ਸਮੇਂ ਪੰਜਾਲ਼ੀ, ਲੱਕੜ ਦਾ ਹਲ਼, ਸੁਹਾਗਾ, ਗੱਡਾ, ਹਲਟ ਆਦਿ ਖੇਤੀ-ਬਾੜੀ ਦੇ ਮੁੱਖ ਸੰਦ ਸਨ। ਅੱਜ-ਕੱਲ੍ਹ ਖੇਤੀ-ਬਾੜੀ ਟ੍ਰੈਕਟਰਾਂ ਨਾਲ਼ ਕੀਤੀ ਜਾਂਦੀ ਹੈ। ਖੇਤੀ-ਬਾੜੀ ਦੇ ਆਧੁਨਿਕ ਸੰਦਾਂ ਵਿੱਚ ਕੰਬਾਈਨ, ਰੋਟਾਵੇਟਰ, ਤਵੀਆਂ, ਕਲਟੀਵੇਟਰ, ਲੇਜ਼ਰ-ਕਰਾਹਾ ਆਦਿ ਪ੍ਰਮੁੱਖ ਹਨ। ਝੋਨੇ ਹੇਠ ਰਕਬਾ ਵਧਣ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੁੰਦਾ ਜਾ ਰਿਹਾ ਹੈ। ਕੀਟ-ਨਾਸ਼ਿਕਾਂ ਅਤੇ ਰਸਾਇਣਾਂ ਦੀ ਜ਼ਿਆਦਾ ਵਰਤੋਂ ਕਾਰਨ ਪੰਜਾਬ ਦੀ ਧਰਤੀ ਬੰਜਰ ਹੋ ਜਾਣ ਦਾ ਡਰ ਹੈ। ਸਾਨੂੰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।

ਪੰਜਾਬ ਦੀ ਧਰਤੀ ਨੇ ਬਹੁਤ ਮਹਾਨ ਸ਼ਖ਼ਸੀਅਤਾਂ ਪੈਦਾ ਕੀਤੀਆਂ ਹਨ। ਦੇਸ ਦੀ ਅਜ਼ਾਦੀ ਦੀ ਲੜਾਈ ਵਿੱਚ ਸ਼ਹੀਦੀ ਪਾਉਣ ਵਾਲ਼ੇ ਦੇਸ-ਭਗਤਾਂ ਵਿੱਚ ਲੱਗ-ਪਗ ਅੱਸੀ ਫ਼ੀਸਦੀ ਲੋਕ ਪੰਜਾਬੀ ਸਨ। ਸ. ਭਗਤ ਸਿੰਘ, ਸ. ਊਧਮ ਸਿੰਘ, ਸ. ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ, ਸ੍ਰੀ ਸੁਖਦੇਵ, ਸ੍ਰੀ ਮਦਨ ਨਾਲ ਢੀਂਗਰਾ ਆਦਿ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਪੰਜਾਬੀਆਂ ਨੇ ਦੇਸ ਨੂੰ ਅਜ਼ਾਦ ਕਰਵਾਉਣ ਲਈ ਆਪਣੀ ਜਾਨ ਵਾਰ ਦਿੱਤੀ। ਖੇਡਾਂ ਦੇ ਖੇਤਰ ਵਿੱਚ 'ਉੱਡਣਾ ਸਿੱਖ' ਮਿਲਖਾ ਸਿੰਘ, 'ਰੁਸਤਮੇ-ਹਿੰਦ' ਦਾਰਾ ਸਿੰਘ, ਪਹਿਲਵਾਨ ਕਰਤਾਰ ਸਿੰਘ ਆਦਿ ਦੇ ਨਾਂ ਪ੍ਰਸਿੱਧ ਹਨ। ਭਾਰਤੀ ਹਾਕੀ ਟੀਮ ਨੇ ਪੰਜਾਬੀ ਖਿਡਾਰੀਆਂ ਸਦਕਾ ਉਲੰਪਿਕ ਖੇਡਾਂ ਵਿੱਚ ਕਈ ਵਾਰ ਸੋਨ-ਤਗਮੇ ਜਿੱਤੇ ਹਨ। ਪੰਜਾਬ ਗੁਰੂਆਂ, ਪੀਰਾਂ, ਪੈਗ਼ੰਬਰਾਂ ਅਤੇ ਭਗਤਾਂ ਦੀ ਧਰਤੀ ਹੈ। ਪੰਜਾਬ ਦੇ ਅਨੇਕਾਂ ਮਹਾਂਪੁਰਸ਼ਾਂ ਨੇ ਦੁਨੀਆਂ ਨੂੰ ਸਿੱਧੇ ਰਾਹੇ ਪਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਭਾਈ ਘਨੱਈਆ ਅਤੇ ਭਗਤ ਪੂਰਨ ਸਿੰਘ ਵਰਗੇ ਸਮਾਜ-ਸੇਵਕਾਂ ਨੇ ਲੋਕਾਈ ਨੂੰ ਮਨੁੱਖਤਾ ਦੀ ਭਲਾਈ ਦਾ ਰਸਤਾ ਦਿਖਾਇਆ।

ਆਪਣੀਆਂ ਬਹੁਪੱਖੀ ਖ਼ੂਬੀਆਂ ਕਾਰਨ ਪੰਜਾਬ ਦਾ ਨਾਂ ਸੰਸਾਰ ਭਰ ਵਿੱਚ ਮਾਣ ਨਾਲ਼ ਲਿਆ ਜਾਂਦਾ ਹੈ ਪਰ ਅਜੋਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਬੁਰੀਆਂ ਆਦਤਾਂ ਵਿੱਚ ਪੈ ਰਹੀ ਹੈ। ਨੌਜਵਾਨਾਂ ਵਿੱਚ ਹੱਥੀਂ ਕੰਮ ਕਰਨ ਦਾ ਰੁਝਾਨ ਘਟ ਰਿਹਾ ਹੈ ਅਤੇ ਵਿਖਾਵੇ ਦੀ ਰੁਚੀ ਵਧ ਰਹੀ ਹੈ। ਕੁਝ ਗੱਭਰੂ ਨਸ਼ਿਆਂ ਵਿੱਚ ਪੈ ਕੇ ਆਪਣਾ ਜੀਵਨ ਬਰਬਾਦ ਕਰ ਰਹੇ ਹਨ। ਨੈਤਿਕ ਕਦਰਾਂ-ਕੀਮਤਾਂ ਦਾ ਪਤਨ ਹੋ ਰਿਹਾ ਹੈ। ਨੌਜਵਾਨ ਆਪਣੇ ਵਡਮੁੱਲੇ ਵਿਰਸੇ ਨੂੰ ਭੁੱਲ ਕੇ ਕੁਰਾਹੇ ਪੈ ਰਹੇ ਹਨ। ਅਸੀਂ ਪੰਜਾਬ ਦਾ ਭਵਿਖ ਹਾਂ। ਅਸਾਂ ਸਾਰਿਆਂ ਨੇ ਰਲ਼ ਕੇ ਆਪਣੇ ਅਮੀਰ ਵਿਰਸੇ ਦੀ ਸੰਭਾਲ਼ ਕਰਨੀ ਹੈ ਅਤੇ ਪੰਜਾਬ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਹੈ।



# ਪਾਠ-ਅਭਿਆਸ



## 1. ਯਾਦ ਰੱਖਣਯੋਗ ਗੱਲਾਂ :

- ਪੰਜਾਬ ਦਾ ਅਰਥ ਹੈ - ਪੰਜ ਪਾਣੀਆਂ ਦੀ ਧਰਤੀ।
- ਪੰਜਾਬ ਦੇ ਕੁੱਲ 22 ਜ਼ਿਲ੍ਹੇ ਹਨ।
- ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ।
- ਅਸੀਂ ਪੰਜਾਬੀ ਭਾਸ਼ਾ ਨੂੰ ਗੁਰਮੁਖੀ ਲਿਪੀ ਵਿੱਚ ਲਿਖਦੇ ਹਾਂ।

## 2. ਪੜ੍ਹੋ ਅਤੇ ਸਮਝੋ :

| | | | |
|---|---|---|---|
| (ੳ) | ਪ੍ਰਸਿੱਧ | – | ਮਸ਼ਹੂਰ |
| (ਅ) | ਨਾਮਕਰਨ | – | ਨਾਂ ਰੱਖਣ ਦੀ ਰਸਮ |
| (ੲ) | ਫ਼ੀਸਦੀ | – | ਪ੍ਰਤਿਸ਼ਤ |
| (ਸ) | ਰਕਬਾ | – | ਜ਼ਮੀਨ |
| (ਹ) | ਖੜਗ | – | ਤਲਵਾਰ |
| (ਕ) | ਐਬ | – | ਬੁਰਾਈ |
| (ਖ) | ਸੂਬਾ | – | ਪ੍ਰਾਂਤ ਜਾਂ ਰਾਜ |
| (ਗ) | ਬਟਵਾਰਾ | – | ਵੰਡ |

## 3. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਨਿਮਨ-ਲਿਖਤ ਪ੍ਰਸ਼ਨਾਂ ਦੇ ਉੱਤਰ ਲਿਖੋ :

ਪੰਜਾਬ ਨੂੰ ਭੂਗੋਲਿਕ ਆਧਾਰ ’ਤੇ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ–ਮਾਝਾ, ਦੁਆਬਾ ਅਤੇ ਮਾਲਵਾ। ਬਿਆਸ ਦਰਿਆ ਤੋਂ ਪਾਕਿਸਤਾਨ ਦੀ ਹੱਦ ਤੱਕ ਫੈਲੇ ਖੇਤਰ ਨੂੰ ‘ਮਾਝਾ’ ਕਿਹਾ ਜਾਂਦਾ ਹੈ। ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰਲੇ ਖੇਤਰ ਨੂੰ ‘ਦੁਆਬਾ’ ਕਹਿੰਦੇ ਹਨ। ਸਤਲੁਜ ਦਰਿਆ ਤੋਂ ਹਰਿਆਣਾ ਅਤੇ ਰਾਜਸਥਾਨ ਦੀ ਹੱਦ ਤੱਕ ਫੈਲਿਆ ਖੇਤਰ ‘ਮਾਲਵਾ’

ਅਖਵਾਉਂਦਾ ਹੈ। ਪੰਜਾਬ ਦੇ ਕੁੱਲ 22 ਜ਼ਿਲ੍ਹੇ ਹਨ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ। ਅੰਮ੍ਰਿਤਸਰ, ਪਟਿਆਲ਼ਾ, ਲੁਧਿਆਣਾ, ਜਲੰਧਰ, ਬਠਿੰਡਾ ਆਦਿ ਪੰਜਾਬ ਦੇ ਪ੍ਰਮੁੱਖ ਸ਼ਹਿਰ ਹਨ ਜਿਨ੍ਹਾਂ ਦੇ ਨਾਂ ਵੱਖ-ਵੱਖ ਕਾਰਨਾਂ ਕਰਕੇ ਦੇਸ ਅਤੇ ਸੰਸਾਰ ਵਿੱਚ ਪ੍ਰਸਿੱਧ ਹਨ। ਅੰਮ੍ਰਿਤਸਰ ਸਿੱਖ ਧਰਮ ਦਾ ਪਵਿੱਤਰ ਸਥਾਨ ਹੈ। ਸ੍ਰੀ ਹਰਿਮੰਦਰ ਸਾਹਿਬ,ਅੰਮ੍ਰਿਤਸਰ ਵਿੱਚ ਹੀ ਸਥਿਤ ਹੈ। ਪਟਿਆਲ਼ਾ,ਪੰਜਾਬ ਦਾ ਇੱਕ ਪ੍ਰਸਿੱਧ ਇਤਿਹਾਸਿਕ ਸ਼ਹਿਰ ਹੈ। ਇੱਥੇ ਬਹੁਤ ਸਾਰੀਆਂ ਇਤਿਹਾਸਿਕ ਇਮਾਰਤਾਂ ਹਨ। ਇਸ ਰਾਜ ਦਾ ਮੁੱਖ ਉਦਯੋਗਿਕ ਸ਼ਹਿਰ ਲੁਧਿਆਣਾ ਹੈ। ਜਲੰਧਰ ਖੇਡਾਂ ਅਤੇ ਲੁਧਿਆਣਾ ਹੌਜ਼ਰੀ ਦਾ ਸਮਾਨ ਤਿਆਰ ਕਰਨ ਲਈ ਦੁਨੀਆ ਭਰ ਵਿੱਚ ਪ੍ਰਸਿੱਧ ਹੈ। ਬਠਿੰਡੇ ਵਿੱਚ ਇੱਕ ਇਤਿਹਾਸਿਕ ਕਿਲ੍ਹਾ ਹੈ। ਇੱਥੇ ਏਸ਼ੀਆ ਮਹਾਂਦੀਪ ਦੀ ਸਭ ਤੋਂ ਵੱਡੀ ਛਾਉਣੀ ਅਤੇ ਇੱਕ ਵੱਡਾ ਰੇਲਵੇ-ਜੰਕਸ਼ਨ ਹੈ।

**ਪ੍ਰਸ਼ਨ :** (ੳ) ਇਸ ਪੈਰੇ ਵਿੱਚ ਕਿਹੜੇ-ਕਿਹੜੇ ਸ਼ਹਿਰਾਂ ਦੇ ਨਾਂ ਆਏ ਹਨ ?

..........................................................................................

..........................................................................................

..........................................................................................

..........................................................................................

(ਅ) ਪੰਜਾਬ ਦੀ ਰਾਜਧਾਨੀ ਦਾ ਨਾਂ ਲਿਖੋ।

..........................................................................................

..........................................................................................

..........................................................................................

..........................................................................................

(ੲ) ਜਲੰਧਰ ਕਿਸ ਕਾਰਨ ਸੰਸਾਰ-ਪ੍ਰਸਿੱਧ ਸ਼ਹਿਰ ਹੈ ?

..........................................................................................

..........................................................................................

..........................................................................................

..........................................................................................

**3. ਖ਼ਾਲੀ ਥਾਂਵਾਂ ਭਰੋ :**

(ੳ) ਬਠਿੰਡੇ ਵਿੱਚ .......................... ਦੀ ਸਭ ਤੋਂ ਵੱਡੀ ਛਾਉਣੀ ਹੈ।

(ਅ) ਪੰਜਾਬ ਦੇ ਤਿੰਨ ਭਾਗ .........................., .......................... ਅਤੇ ਮਾਲਵਾ ਹਨ।

**4. ਨਿਮਨ-ਲਿਖਤ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਪੰਜਾਬ ਦਾ ਇਹ ਨਾਂ ਕਿਵੇਂ ਪਿਆ ?

..........................................................................................................

..........................................................................................................

..........................................................................................................

..........................................................................................................

(ਅ) ਅੱਜ-ਕੱਲ੍ਹ ਪੰਜਾਬ ਵਿੱਚ ਵਗਦੇ ਤਿੰਨ ਦਰਿਆਵਾਂ ਦੇ ਨਾਂ ਲਿਖੋ।

..........................................................................................................

..........................................................................................................

..........................................................................................................

..........................................................................................................

(ੲ) ਪੰਜਾਬ ਦੇ ਕਿਹੜੇ-ਕਿਹੜੇ ਦੋ ਪ੍ਰਮੁੱਖ ਲੋਕ-ਨਾਚ ਹਨ ?

..........................................................................................................

..........................................................................................................

..........................................................................................................

..........................................................................................................

(ਸ) ਪੰਜਾਬ ਦੀਆਂ ਵਿਰਾਸਤੀ ਖੇਡਾਂ ਦੇ ਨਾਂ ਲਿਖੋ।

..........................................................................................................

..........................................................................................................

..........................................................................................................

..........................................................................................................

(ਹ) ਪੰਜਾਬ ਦੀ ਧਰਤੀ ਬੰਜਰ ਕਿਉਂ ਹੋ ਰਹੀ ਹੈ ?

.....................................................................................................

.....................................................................................................

.....................................................................................................

.....................................................................................................

## 5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਕੁਦਰਤ : ..................................................................................

..................................................................................

(ਅ) ਸੰਸਾਰ : ..................................................................................

..................................................................................

(ੲ) ਸਤਿਕਾਰ : ..................................................................................

..................................................................................

(ਸ) ਪੰਜਾਬੀ : ..................................................................................

..................................................................................

(ਹ) ਧਰਤੀ : ..................................................................................

..................................................................................

## 5. ਮਿਲਾਣ ਕਰੋ :

| | |
|---|---|
| ਪਟਿਆਲ਼ਾ | ਸ੍ਰੀ ਹਰਿਮੰਦਰ ਸਾਹਿਬ |
| ਲੁਧਿਆਣਾ | ਰੇਲਵੇ ਜੰਕਸ਼ਨ |
| ਬਠਿੰਡਾ | ਇਤਿਹਾਸਿਕ ਸ਼ਹਿਰ |
| ਅੰਮ੍ਰਿਤਸਰ | ਉਦਯੋਗਿਕ ਸ਼ਹਿਰ |

6. ਅਧਿਆਪਕ ਤੋਂ ਪੁੱਛ ਕੇ ਪੰਜਾਬ ਦੇ ਨਕਸ਼ੇ ਵਿੱਚ ਤਿੰਨ ਖੇਤਰਾਂ ਦੇ ਨਾਂ ਲਿਖੋ :



ਅਧਿਆਪਕ ਸਕੂਲ ਵਿੱਚ ਬਣੇ ਪੰਜਾਬ ਦੇ ਨਕਸ਼ੇ ਤੋਂ ਜ਼ਿਲ੍ਹਿਆਂ ਅਤੇ ਗੁਆਂਢੀ ਸੂਬਿਆਂ ਬਾਰੇ ਜਾਣਕਾਰੀ ਦੇਵੇ।

*****

## ਪਾਠ - 15

# ਪਾਣੀ

ਬਰਫ਼ ਪਰਬਤੀਂ ਖੁਰ-ਖੁਰ ਕੇ,
ਠੰਢ ਕੱਕਰ ਵਿੱਚ ਠੁਰ-ਠੁਰ ਕੇ।
ਬੂੰਦ-ਬੂੰਦ ਬਣ ਤੁਰ-ਤੁਰ ਕੇ,
ਵਿੱਚ ਦਰਿਆਵਾਂ ਆਉਂਦਾ ਹਾਂ,
ਮੈਂ ਸਭ ਦੀ ਪਿਆਸ ਬੁਝਾਉਂਦਾ ਹਾਂ।





ਮੈਥੋਂ ਹੀ ਬੱਦਲ਼ ਬਣ-ਬਣ ਕੇ,
ਮੀਂਹ ਵਰਸਾਉਂਦੇ ਕਣ-ਕਣ ’ਤੇ।
ਬਨਸਪਤੀ ਹੋਵੇ ਹਰੀ-ਭਰੀ,
ਜਦ ਧਰਤੀ ਵਿੱਚ ਸਮਾਉਂਦਾ ਹਾਂ।

ਕਦੇ ਕੱਸੀਆਂ ਵਿੱਚ, ਕਦੇ ਕੰਦਰਾਂ ਵਿੱਚ,
ਕਦੇ ਨਦੀਆਂ, ਕਦੇ ਸਮੁੰਦਰਾਂ ਵਿੱਚ।
ਕਦੇ ਝਰਨੇ ਵਿੱਚ ਪਹਾੜਾਂ ਦੇ,
ਮੈਂ ਝਰ-ਝਰ ਕਰਦਾ ਆਉਂਦਾ ਹਾਂ।





ਕਦੇ ਚਸ਼ਮਿਆਂ ਵਿੱਚ, ਕਦੇ ਖੂਹਾਂ ਵਿੱਚ,
ਕਿਤੇ ਹਰੀਆਂ-ਭਰੀਆਂ ਜੂਹਾਂ ਵਿੱਚ।
ਫਲ਼, ਫੁੱਲ, ਫ਼ਸਲਾਂ ਉਪਜਾਵਣ ਲਈ,
ਮੈਂ ਧਰਤੀ ਵਿੱਚੋਂ ਆਉਂਦਾ ਹਾਂ।

ਮੇਰੇ ਸਦਕੇ ਹੀ ਇਹ ਪ੍ਰਾਣੀ ਹੈ,
ਜੀਵਨ ਨਾਲ਼ ਸਾਂਝ ਪੁਰਾਣੀ ਹੈ।
ਉਦੋਂ ਖਾਰਾ-ਤੱਤਾ ਹੋ ਜਾਵਾਂ,
ਜਦੋਂ ਨੈਣਾਂ ਦੇ ਵਿੱਚ ਆਉਂਦਾ ਹਾਂ।
ਮੈਂ ਸਭ ਦੀ ਲੋਅ ਜਗਾਉਂਦਾ ਹਾਂ,
ਮੈਂ ਸਭ ਦੀ ਪਿਆਸ ਬੁਝਾਉਂਦਾ ਹਾਂ।



## ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| **ਪਰਬਤ** | : | ਪਹਾੜ |
| **ਕੱਕਰ** | : | ਕੋਰਾ |
| **ਬਨਸਪਤੀ** | : | ਬਿਰਖ-ਬੂਟੇ, ਹਰਿਆਵਲ |
| **ਕੱਸੀ** | : | ਨਹਿਰ ਵਿੱਚੋਂ ਕੱਢਿਆ ਵੱਡਾ ਖਾਲ਼ ਜਾਂ ਸੂਆ ਜਿਸ ਨਾਲ਼ ਖੇਤਾਂ ਨੂੰ ਪਾਣੀ ਪਹੁੰਚਾਇਆ ਜਾਂਦਾ ਹੈ। |
| **ਕੰਦਰ** | : | ਗੁਫਾ, ਪਹਾੜ ਵਿੱਚ ਦਾ ਖੱਪਾ |
| **ਜੂਹ** | : | ਚਰਾਂਦ, ਘਰਾਂ ਦੇ ਲਾਗੇ ਦੀ ਥਾਂ, ਡੰਗਰਾਂ ਦੇ ਚਰਨ ਦੀ ਥਾਂ |
| **ਪ੍ਰਾਣੀ** | : | ਜੀਵ, ਮਨੁੱਖ |
| **ਨੈਣਾਂ** | : | ਅੱਖਾਂ |
| **ਲੋਅ** | : | ਚਾਨਣ, ਨਜ਼ਰ |

**2. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਵਿੱਚ ਦਰਿਆਵਾਂ ਆਉਂਦਾ ਹਾਂ,

..............................................

..............................................

(ਅ) ਬਨਸਪਤੀ ਹੋਵੇ ਹਰੀ-ਭਰੀ,

..............................................

..............................................

(ੲ) ਕਦੇ ਝਰਨੇ ਵਿੱਚ ਪਹਾੜਾਂ ਦੇ,

..............................................

..............................................

(ਸ) ਫਲ਼, ਫੁੱਲ, ਫ਼ਸਲਾਂ ਉਪਜਾਵਣ ਲਈ,

..............................................

..............................................

## 3. ਰਚਨਾਤਮਿਕ ਗਤੀਵਿਧੀ :

**ਜੇ ਪਾਣੀ ਨਾ ਹੁੰਦਾ ਤਾਂ ਕੀ ਹੁੰਦਾ ?**

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

..........................................................................................................

4. ਬਿਮਾਰ ਹੋਣ ਕਾਰਨ ਸਕੂਲ ਵਿੱਚੋਂ ਛੁੱਟੀ ਲੈਣ ਲਈ ਅਰਜ਼ੀ ਲਿਖੋ।

## ਪਾਠ - 16

# ਆਓ ਤੇ ਜਾਓ

ਰਹਿੰਦੇ ਸਨ ਇੱਕ ਪਿੰਡ ਵਿੱਚ, ਦੋ ਭਾਈ-ਭਾਈ,
ਜਾਇਦਾਦ ਜਿਨ੍ਹਾਂ ਦੇ ਬਾਪ ਨੇ, ਸੀ ਬਹੁਤ ਬਣਾਈ।
ਇੱਕ ਦਿਨ ਭਾਣਾ ਵਰਤਿਆ, ਉਹ ਦਿਨ ਵੀ ਆਇਆ,
ਸਭ ਕੁਝ ਇੱਥੇ ਛੱਡ ਕੇ, ਉਹ ਸੁਰਗ ਸਿਧਾਇਆ।

ਕੁਝ ਦਿਨ ਲੰਘੇ ਸੋਗ ਦੇ, ਮਕਾਣਾਂ ਆਈਆਂ,
ਵੰਡ ਲਈ ਜਾਇਦਾਦ ਫਿਰ, ਆਪਸ ਵਿੱਚ ਭਾਈਆਂ।
ਪੈਲ਼ੀ-ਡੰਗਰ ਵੰਡ ਲਏ, ਸਭ ਪੈਸਾ-ਧੇਲੀ,
ਅੱਧੀ-ਅੱਧੀ ਵੰਡ ਲਈ ਫਿਰ ਦੋਂਹਾਂ ਹਵੇਲੀ।

ਵੱਡੇ ਭਾਈ ਸੋਚਿਆ, ਹੈ ਧਨ ਬਥੇਰਾ;
ਕਰਾਂ ਕੰਮ ਮੈਂ ਕਿਸ ਲਈ, ਕੀ ਥੁੜਿਆ ਮੇਰਾ?
ਕੰਮ ਲਈ ਉਸ ਰੱਖ ਲਏ, ਕੁਝ ਨੌਕਰ-ਚਾਕਰ,
ਆਪ ਰਹਿਣ ਉਹ ਲੱਗ ਪਿਆ, ਸ਼ਾਹਾਂ ਦੇ ਵਾਕਰ।

ਛੋਟਾ ਭਾਈ ਬਹੁਤ ਸੀ, ਕਾਮਾ ਤੇ ਸਿਆਣਾ,
ਮਿੱਠਾ ਸਭ ਨੂੰ ਬੋਲਦਾ, ਸਭ ਦੇ ਮਨ-ਭਾਉਣਾ।
ਨੌਕਰ ਉਸ ਵੀ ਰੱਖ ਲਏ, ਦੋ ਤਕੜੇ ਬੰਦੇ,
ਉਸ ਦੇ ਵਾਂਗ ਹੀ ਮਿਹਨਤੀ, ਜਾਣਨ ਕੰਮ-ਧੰਦੇ।

ਦੋਵੇਂ ਕਾਮੇ ਮਿਹਨਤੀ ਤੇ ਤੀਜਾ ਭਾਈ,
ਜਾਨ ਤੋੜ ਕੇ ਤਿਹਾਂ ਨੇ, ਕਰੀ ਬਹੁਤ ਕਮਾਈ।
ਉਧਰ ਵੱਡੇ ਭਾਈ ਦਾ, ਹੋ ਗਿਆ ਸਫ਼ਾਇਆ,
ਖੇਤੋਂ ਕੁਝ ਨਾ ਆਇਆ, ਘਰ ਖਾ ਮੁਕਾਇਆ।




ਇੱਕ ਦਿਨ ਤਿੰਨੇ ਜਣੇ ਸਨ, ਪਏ ਗੁੱਡਦੇ ਮੱਕੀ,
ਬਾਬਾ ਸੰਤੂ ਆ ਗਿਆ, ਹੱਥ ਸੋਟੀ ਚੱਕੀ।
ਉੱਤੋਂ ਹੁੰਮਸ, ਫ਼ਸਲ ਵੀ; ਸੀ ਗੋਡਿਓਂ ਵੱਡੀ,
ਤਿੰਨਾਂ ਜਣਿਆਂ ਫੇਰ ਵੀ, ਗੋਡੀ ਨਾ ਛੱਡੀ।

ਬਾਬਾ ਸੰਤੂ ਬੋਲਿਆ, "ਗੱਲ ਦੱਸ ਇੱਕ ਸ਼ੇਰਾ!
ਦਿੱਤਾ ਤੈਨੂੰ ਰੱਬ ਨੇ, ਸੁੱਖ ਨਾਲ਼ ਬਥੇਰਾ।
ਇੱਕ ਗੱਲ ਦੀ ਅੱਜ ਤੱਕ, ਮੈਨੂੰ ਸਮਝ ਨਾ ਆਈ,
ਭੁੱਖਾ ਕਾਹਤੋਂ ਮਰ ਰਿਹੈ, ਅੱਜ ਤੇਰਾ ਭਾਈ?"

ਛੋਟੇ ਆਖਿਆ, "ਬਾਬਾ ਜੀ! ਤੁਸੀਂ ਆਪ ਸਿਆਣੇ,
ਘਰੇ ਬੈਠਿਆਂ ਰੱਬ ਨੇ, ਕਦ ਘੱਲੇ ਦਾਣੇ।
ਬੱਸ, ਇੱਕੋ ਹੀ ਗੱਲ ਹੈ; ਹੋਰ ਫ਼ਰਕ ਨਾ ਦੂਜਾ,
ਉਸ ਲਈ ਕੰਮ ਹਰਾਮ ਹੈ; ਮੇਰੇ ਲਈ ਪੂਜਾ।

ਉਹ ਕਾਮਿਆਂ ਨੂੰ ਆਖਦੈ, 'ਬਈ, ਕੰਮ 'ਤੇ ਜਾਓ।'
ਮੈਂ ਕਾਮਿਆਂ ਨੂੰ ਆਖਦਾਂ, 'ਬਈ, ਕੰਮ 'ਤੇ ਆਓ।'

ਕਦੇ ਨਾ ਆਇਆ ਖੇਤ ਵਿੱਚ, ਉਹ ਮਾਰਨ ਗੇੜੇ,
ਮੈਂ ਪਰ ਖੇਤੋਂ ਗਿਆ ਨਹੀਂ, ਬਿਨਾਂ ਕੰਮ ਨਿਬੇੜੇ।"



## ਪਾਠ-ਅਭਿਆਸ

1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਦੋਂਹਾਂ ਭਰਾਵਾਂ ਨੇ ਅੱਡ ਹੋ ਕੇ ਕੀ ਕੁਝ ਵੰਡਿਆ ?

..........................................................................................

..........................................................................................

..........................................................................................

..........................................................................................

(ਅ) ਜਾਇਦਾਦ ਵੰਡਣ ਪਿੱਛੋਂ ਵੱਡੇ ਭਰਾ ਨੇ ਕੀ ਸੋਚਿਆ ?

..........................................................................................

..........................................................................................

..........................................................................................

..........................................................................................

(ੲ) ਛੋਟਾ ਭਰਾ ਕਿਹੋ-ਜਿਹਾ ਸੀ ?

..........................................................................................

..........................................................................................

..........................................................................................

..........................................................................................

(ਸ) ਬਾਬੇ ਸੰਤੂ ਨੇ ਛੋਟੇ ਭਰਾ ਤੋਂ ਕੀ ਪੁੱਛਿਆ ?

..........................................................................................

..........................................................................................

..........................................................................................

..........................................................................................

(ਹ) ਛੋਟੇ ਭਰਾ ਨੇ ਬਾਬਾ ਸੰਤੂ ਨੂੰ ਕੀ ਉੱਤਰ ਦਿੱਤਾ ?

.................................................................................................

.................................................................................................

.................................................................................................

.................................................................................................

## 2. ਪੜ੍ਹੋ, ਸਮਝੋ ਅਤੇ ਲਿਖੋ :

ਬਥੇਰਾ : ਬਹੁਤ

ਕਾਹਤੋਂ : ..................................
..................................

ਘੱਲੇ : ..................................
..................................

ਫ਼ਰਕ : ..................................
..................................

## 3. ਲਿੰਗ ਬਦਲੋ :

(ੳ) ਦਾਦਾ : ..................
..................

(ਅ) ਭਾਈ : ..................
..................

(ੲ) ਨੌਕਰ : ..................
..................

(ਸ) ਸ਼ੇਰ : ..................
..................

(ਹ) ਭੈਣ : ..................
..................



## 4. ਵਿਰੋਧੀ ਸ਼ਬਦ ਲਿਖੋ :



1. ਸੋਗ : ..................
..................

2. ਮਿਠਾਸ : ..................
..................

3. ਤਕੜੇ : ..................
..................

4. ਮਿਹਨਤੀ : ..................
..................

5. ਛੋਟਾ : ..................
..................

6. ਸੁੱਖ : ..................
..................

7. ਭੁੱਖਾ : ..................
..................

## 5. ਪੜ੍ਹੋ ਅਤੇ ਸਮਝੋ :

| | | |
|---|---|---|
| **ਭਾਣਾ ਵਰਤਣਾ** | : | ਕੋਈ ਦੁਖਦਾਈ ਘਟਨਾ ਵਾਪਰਨੀ |
| **ਸੁਰਗ ਸਿਧਾਉਣਾ** | : | ਸੁਰਗ ਸਿਧਾਰਨਾ, ਮਰ ਜਾਣਾ |
| **ਸਫ਼ਾਇਆ ਹੋਣਾ** | : | ਖ਼ਤਮ ਹੋਣਾ |
| **ਜਾਨ ਤੋੜਨਾ** | : | ਬਹੁਤ ਸਖ਼ਤ ਮਿਹਨਤ ਕਰਨੀ |

## 6. ਹੇਠ ਲਿਖੀਆਂ ਸਤਰਾਂ ਦੇ ਅਰਥ ਆਪਣੇ ਅਧਿਆਪਕ ਤੋਂ ਸਮਝੋ ਅਤੇ ਲਿਖੋ :

ਉਹ ਕਾਮਿਆਂ ਨੂੰ ਆਖਦਾ, "ਬਈ, ਕੰਮ 'ਤੇ ਜਾਓ।"

ਮੈਂ ਕਾਮਿਆਂ ਨੂੰ ਆਖਦਾਂ, "ਬਈ, ਕੰਮ 'ਤੇ ਆਓ।"

..........................................................................................................

..........................................................................................................

.........................................................................................................
.........................................................................................................


.........................................................................................................
.........................................................................................................

.........................................................................................................
.........................................................................................................

.........................................................................................................
.........................................................................................................

ਇਸ ਕਵਿਤਾ ਨੂੰ ਜ਼ੁਬਾਨੀ ਯਾਦ ਕਰਕੇ ਆਪਣੇ ਸਕੂਲ ਦੀ ਬਾਲ-ਸਭਾ ਵਿੱਚ ਸੁਣਾਓ।

ਪਾਣੀ ਹੀ ਜੀਵਨ ਹੈ।



*****

# ਮਾਤਾ ਗੁਜਰੀ ਜੀ

ਮਾਤਾ ਗੁਜਰੀ ਜੀ ਦਾ ਨਾਂ ਸਾਡੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਆਪ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਕਸਬੇ ਕਰਤਾਰਪੁਰ ਵਿਖੇ 1627 ਈਸਵੀ ਨੂੰ ਹੋਇਆ। ਆਪ ਦੇ ਪਿਤਾ ਦਾ ਨਾਂ ਭਾਈ ਲਾਲ ਚੰਦ ਅਤੇ ਮਾਤਾ ਦਾ ਨਾਂ ਬਿਸ਼ਨ ਕੌਰ ਸੀ। ਆਪ 'ਹਿੰਦ ਦੀ ਚਾਦਰ' ਕਹੇ ਜਾਣ ਵਾਲ਼ੇ ਮਹਾਨ ਸ਼ਹੀਦ ਗੁਰੂ ਤੇਗ਼ ਬਹਾਦਰ ਜੀ ਦੀ ਸੁਪਤਨੀ ਸਨ। ਆਪ ਸਰਬੰਸ ਵਾਰਨ ਵਾਲ਼ੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਸਨ।

ਆਪ ਦਾ ਸਾਰਾ ਜੀਵਨ ਧਰਮ ਲਈ ਕੀਤੀਆਂ ਕੁਰਬਾਨੀਆਂ ਨਾਲ਼ ਭਰਿਆ ਹੋਇਆ ਹੈ। ਜਦੋਂ ਗੁਰੂ ਤੇਗ਼ ਬਹਾਦਰ ਜੀ ਬਕਾਲੇ ਵਿਖੇ ਤਪ ਕਰਨ ਲੱਗੇ ਤਾਂ ਮਾਤਾ ਗੁਜਰੀ ਜੀ ਉਹਨਾਂ ਦੀ ਸੇਵਾ ਵਿੱਚ ਜੁਟ ਗਏ। ਗੁਰੂ ਤੇਗ਼ ਬਹਾਦਰ ਜੀ ਨੇ ਇੱਥੇ ਵੀਹ ਸਾਲ ਤਪੱਸਿਆ ਕੀਤੀ। ਜਦੋਂ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰਗੱਦੀ ਸੌਂਪੀ ਗਈ ਤਾਂ ਗੁਰੂ ਜੀ ਮਨੁੱਖਤਾ ਦੇ ਕਲਿਆਣ ਵਾਸਤੇ ਯਾਤਰਾ 'ਤੇ ਨਿਕਲ਼ ਪਏ। ਮਾਤਾ ਗੁਜਰੀ ਜੀ ਵੀ ਆਪਣਾ ਸੁੱਖ-ਚੈਨ ਤਿਆਗ ਕੇ ਗੁਰੂ ਜੀ ਨਾਲ਼ ਯਾਤਰਾ 'ਤੇ ਚੱਲ ਪਏ। ਗੁਰੂ ਤੇਗ਼ ਬਹਾਦਰ ਜੀ ਬਨਾਰਸ, ਪਟਨੇ ਆਦਿ ਤੋਂ ਹੁੰਦੇ ਹੋਏ ਅਸਾਮ ਪਹੁੰਚ ਗਏ ਪਰ ਮਾਤਾ ਗੁਜਰੀ ਜੀ ਪਟਨਾ ਵਿਖੇ ਹੀ ਰਹਿ ਗਏ। ਪਟਨਾ ਵਿੱਚ ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ ਜੀ) ਦਾ ਜਨਮ ਹੋਇਆ। ਗੁਰੂ ਤੇਗ਼ ਬਹਾਦਰ ਜੀ ਅਸਾਮ ਤੋਂ ਸਿੱਧੇ ਪੰਜਾਬ ਆ ਗਏ ਪਰ ਮਾਤਾ ਜੀ ਪਟਨੇ ਹੀ ਟਿਕੇ ਰਹੇ। ਆਪ ਨੇ ਸੱਤ ਸਾਲ ਤੱਕ ਇਕੱਲਿਆਂ ਹੀ ਬਾਲ ਗੋਬਿੰਦ ਰਾਏ ਜੀ ਦੀ ਪਾਲਣਾ-ਪੋਸਣਾ ਕੀਤੀ। ਮਾਤਾ ਗੁਜਰੀ ਜੀ ਆਪਣੇ ਇਸ ਨਿੱਕੇ ਬਾਲ ਨੂੰ ਲੈ ਕੇ ਅਨੰਦਪੁਰ ਸਾਹਿਬ ਪੁੱਜੇ।

ਇੱਥੇ ਵੀ ਆਪ ਨੂੰ ਬਹੁਤਾ ਸਮਾਂ ਪਰਿਵਾਰਿਕ ਸੁੱਖ ਪ੍ਰਾਪਤ ਨਾ ਹੋਇਆ। ਦੋ ਸਾਲ ਬਾਅਦ ਹੀ ਗੁਰੂ ਤੇਗ਼ ਬਹਾਦਰ ਜੀ ਨੇ ਸ਼ਹੀਦੀ ਦੇ ਦਿੱਤੀ। ਗੁਰੂ-ਘਰ ਦੀ ਸੰਭਾਲ਼ ਦੀ ਜ਼ੁੰਮੇਵਾਰੀ ਮਾਤਾ ਜੀ 'ਤੇ ਆ ਪਈ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਉਦੋਂ ਕੇਵਲ ਨੌਂ ਸਾਲ ਦੀ ਸੀ।

ਬਿਰਧ-ਅਵਸਥਾ ਵਿੱਚ ਵੀ ਮਾਤਾ ਜੀ ਨੂੰ ਬਹੁਤ ਸਾਰੇ ਸਰੀਰਿਕ ਕਸ਼ਟ ਝੱਲਦਿਆਂ ਕੁਰਬਾਨੀ ਦੇਣੀ ਪਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ਼ ਲੜਦਿਆਂ ਅਨੰਦਪੁਰ ਸਾਹਿਬ ਛੱਡਿਆ ਤਾਂ ਸਰਸਾ ਨਦੀ ਦੇ ਕੰਢੇ ਸਾਰਾ ਪਰਿਵਾਰ ਵਿੱਛੜ ਗਿਆ। ਗੁਰੂ ਗੋਬਿੰਦ ਸਿੰਘ ਜੀ ਵੱਡੇ ਸਾਹਿਬਜ਼ਾਦਿਆਂ ਨਾਲ਼ ਚਮਕੌਰ ਸਾਹਿਬ ਵਾਲ਼ੇ ਪਾਸੇ ਚਲੇ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ਼ ਗੰਗੂ ਰਸੋਈਏ ਦੇ ਪਿੰਡ ਸਹੇੜੀ ਪਹੁੰਚ ਗਏ।



ਗੰਗੂ ਰਸੋਈਆ ਲਾਲਚ ਵਿੱਚ ਆ ਗਿਆ। ਉਸ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਖ਼ਬਰ ਸੂਬਾ ਸਰਹਿੰਦ ਤੱਕ ਪਹੁੰਚਾ ਦਿੱਤੀ। ਸੂਬਾ ਸਰਹਿੰਦ ਨੇ ਉਹਨਾਂ ਨੂੰ ਗਰਿਫ਼ਤਾਰ ਕਰਵਾ ਕੇ ਸਰਹਿੰਦ ਲੈ ਆਂਦਾ। ਇੱਥੇ ਬਿਰਧ ਮਾਤਾ ਜੀ ਅਤੇ ਮਸੂਮ ਸਾਹਿਬਜ਼ਾਦਿਆਂ ਨੂੰ ਆਪਣੇ ਸਿੱਖ ਧਰਮ ਨੂੰ ਛੱਡ ਕੇ ਇਸਲਾਮ ਧਰਮ ਕਬੂਲਣ ਲਈ ਬੜੇ ਤਸੀਹੇ ਅਤੇ ਲਾਲਚ ਦਿੱਤੇ ਗਏ। ਉਹਨਾਂ ਨੂੰ ਅੱਤ ਦੀ ਸਰਦੀ ਦੇ ਮੌਸਮ ਵਿੱਚ ਠੰਢੇ ਬੁਰਜ ਵਿੱਚ ਕੈਦ ਕੀਤਾ ਗਿਆ। ਇੱਥੇ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਆਪਣੇ ਬਜ਼ੁਰਗਾਂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਉਹਨਾਂ ਦਾ ਹੌਸਲਾ ਕਾਇਮ ਰੱਖਿਆ। ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਜ਼ੁਲਮ ਦਾ ਮੁਕਾਬਲਾ ਕਰਨ ਅਤੇ ਧਰਮ 'ਤੇ ਟਿਕੇ ਰਹਿਣ ਦੀ ਸਿੱਖਿਆ ਦਿੱਤੀ। ਜ਼ਾਲਮਾਂ ਨੇ ਸਾਹਿਬਜ਼ਾਦਿਆਂ ਨੂੰ ਜਿਊਂਦਿਆਂ ਹੀ ਨੀਂਹਾਂ ਵਿੱਚ ਚਿਣਵਾ ਦਿੱਤਾ।

ਜਦੋਂ ਮਾਤਾ ਜੀ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਨੇ ਠੰਢੇ ਬੁਰਜ ਵਿੱਚ ਹੀ ਪ੍ਰਾਣ ਤਿਆਗ ਦਿੱਤੇ। ਜਿੱਥੇ ਮਾਤਾ ਜੀ ਅਤੇ ਸਾਹਿਬਜ਼ਾਦੇ ਕੈਦ ਰਹੇ, ਉੱਥੇ ਅੱਜ-ਕੱਲ੍ਹ ਗੁਰਦੁਆਰਾ 'ਠੰਢਾ ਬੁਰਜ' ਹੈ। ਜਿੱਥੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿੱਚ ਚਿਣਿਆ ਗਿਆ ਸੀ, ਉੱਥੇ ਮੁੱਖ ਗੁਰਦੁਆਰਾ 'ਫ਼ਤਿਹਗੜ੍ਹ ਸਾਹਿਬ' ਹੈ। ਜਿੱਥੇ ਉਹਨਾਂ ਦਾ ਸਸਕਾਰ ਕੀਤਾ ਗਿਆ, ਉੱਥੇ ਗੁਰਦੁਆਰਾ 'ਜੋਤੀ ਸਰੂਪ ਸਾਹਿਬ' ਬਣਿਆ ਹੋਇਆ ਹੈ। ਮਾਤਾ ਗੁਜਰੀ ਜੀ ਦੀ ਯਾਦ ਵਿੱਚ ਸਕੂਲ, ਕਾਲਜ ਅਤੇ ਹਸਪਤਾਲ ਆਦਿ ਵੀ ਉਸਾਰੇ ਗਏ ਹਨ।

ਉਹਨਾਂ ਦੇ ਤਿਆਗ, ਸ਼ਾਂਤੀ, ਦ੍ਰਿੜ੍ਹਤਾ ਅਤੇ ਕੁਰਬਾਨੀ ਵਾਲ਼ੇ ਗੁਣਾਂ ਤੋਂ ਅੱਜ ਵੀ ਅਸੀਂ ਸਿੱਖਿਆ ਪ੍ਰਾਪਤ ਕਰਦੇ ਹਾਂ।



## ਪਾਠ-ਅਭਿਆਸ



### 1. ਯਾਦ ਰੱਖਣਯੋਗ ਗੱਲਾਂ :

- **ਮਾਤਾ ਗੁਜਰੀ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ ਸਨ।**
- **ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ ਹੋਇਆ।**
- **ਸਰਹਿੰਦ ਦਾ ਨਾਂ ਅੱਜ-ਕੱਲ੍ਹ ਫ਼ਤਿਹਗੜ੍ਹ ਸਾਹਿਬ ਹੈ।**

### 2. ਪੜ੍ਹੋ ਅਤੇ ਸਮਝੋ :

| | | |
|---|---|---|
| **ਸਰਬੰਸ** | : | ਸਾਰਾ ਪਰਿਵਾਰ |
| **ਧਰਮ** | : | ਫ਼ਰਜ਼ |
| **ਕਲਿਆਣ** | : | ਭਲਾ |
| **ਤਿਆਗ** | : | ਛੱਡਣਾ |
| **ਗਰਿਫ਼ਤਾਰ** | : | ਹਿਰਾਸਤ ਵਿੱਚ ਲੈਣਾ |
| **ਹੌਸਲਾ** | : | ਹਿੰਮਤ, ਦਲੇਰੀ |
| **ਜ਼ੁਲਮ** | : | ਕਸ਼ਟ ਦੇਣਾ |
| **ਦ੍ਰਿੜ੍ਹਤਾ** | : | ਪਕਿਆਈ, ਮਜ਼ਬੂਤੀ |
| **ਤਪ** | : | ਸਰੀਰ ਨੂੰ ਦੁੱਖ ਦੇ ਕੇ ਕੀਤੀ ਭਗਤੀ |

### 3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਮਾਤਾ ਗੁਜਰੀ ਜੀ ਦਾ ਨਾਂ ਸਾਡੇ ਇਤਿਹਾਸ ਵਿੱਚ .......................... ਅੱਖਰਾਂ ਵਿੱਚ ਲਿਖਿਆ ਹੋਇਆ ਹੈ।

(ਅ) ਆਪ ਦਾ ਸਾਰਾ ਜੀਵਨ ........................ ਲਈ ਕੀਤੀਆਂ ਕੁਰਬਾਨੀਆਂ ਨਾਲ਼ ਭਰਿਆ ਹੋਇਆ ਹੈ।

(ੲ) ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲਾਂ ਨਾਲ਼ ਲੜਦਿਆਂ ਅਨੰਦਪੁਰ ਸਾਹਿਬ ਛੱਡਿਆ ਤਾਂ ........................ ਨਦੀ ਦੇ ਕੰਢੇ ਸਾਰਾ ਪਰਿਵਾਰ ਵਿੱਛੜ ਗਿਆ।

(ਸ) ਜ਼ਾਲਮਾਂ ਨੇ ਸਾਹਿਬਜ਼ਾਦਿਆਂ ਨੂੰ ਜਿਉਂਦਿਆਂ ਹੀ ........................ ਵਿੱਚ ਚਿਣਵਾ ਦਿੱਤਾ।

(ਹ) ਮਾਤਾ ਜੀ ਨੇ ........................ ਵਿੱਚ ਹੀ ਪ੍ਰਾਣ ਤਿਆਗ ਦਿੱਤੇ।

*(ਸਰਸਾ, ਨੀਂਹਾਂ, ਠੰਢੇ ਬੁਰਜ, ਸੁਨਹਿਰੀ, ਧਰਮ)*

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਮਾਤਾ ਗੁਜਰੀ ਜੀ ਕੌਣ ਸਨ?

..........................................................................................................
..........................................................................................................
..........................................................................................................
..........................................................................................................

(ਅ) ਗੁਰੂ ਤੇਗ਼ ਬਹਾਦਰ ਜੀ ਨੇ ਕਿੱਥੇ ਤਪ ਕੀਤਾ?

..........................................................................................................
..........................................................................................................
..........................................................................................................
..........................................................................................................

(ੲ) ਮਾਤਾ ਗੁਜਰੀ ਜੀ ਨੇ ਪਟਨਾ ਸਾਹਿਬ ਰਹਿ ਕੇ ਕੀ ਕੀਤਾ?

..........................................................................................................
..........................................................................................................
..........................................................................................................
..........................................................................................................

(ਸ) ਸਰਸਾ ਨਦੀ ਦੇ ਕੰਢੇ ਜਦੋਂ ਸਾਰਾ ਪਰਿਵਾਰ ਵਿੱਛੜ ਗਿਆ ਤਾਂ ਛੋਟੇ ਸਹਿਬਜ਼ਾਦੇ ਕਿੱਥੇ ਗਏ ?

........................................................................................................

........................................................................................................

........................................................................................................

........................................................................................................

(ਹ) ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਗਰਿਫ਼ਤਾਰੀ ਕਿਸ ਤਰ੍ਹਾਂ ਹੋਈ ?

........................................................................................................

........................................................................................................

........................................................................................................

........................................................................................................

(ਕ) ਸੂਬਾ ਸਰਹਿੰਦ ਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨਾਲ਼ ਕੀ ਸਲੂਕ ਕੀਤਾ ?

........................................................................................................

........................................................................................................

........................................................................................................

........................................................................................................

## 5. ਪੜ੍ਹੋ, ਸਮਝੋ ਅਤੇ ਲਿਖੋ :

| | | |
|---|---|---|
| ਖੇਡ | : | ਖੇਡਾਂ |
| ਸੂਬਾ | : | ........................... <br> ........................... |
| ਦੇਸ | : | ........................... <br> ........................... |
| ਇਮਾਰਤ | : | ........................... <br> ........................... |
| ਸ਼ਹਿਰ | : | ........................... <br> ........................... |

ਮੇਲਾ : ..........................
..........................

## 6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਧਰਮ : ..........................................................................................
..........................................................................................

(ਅ) ਸੇਵਾ : ..........................................................................................
..........................................................................................

(ੲ) ਸ਼ਾਂਤੀ : ..........................................................................................
..........................................................................................

(ਸ) ਸ਼ਹੀਦੀ : ..........................................................................................
..........................................................................................

(ਹ) ਤਿਆਗ : ..........................................................................................
..........................................................................................

## 7. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲਾਓ :

| | |
|---|---|
| ਕਰਤਾਰਪੁਰ | ਪਰਿਵਾਰ-ਵਿਛੋੜਾ ਹੋਇਆ। |
| ਬਕਾਲਾ | ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਗਿਆ। |
| ਪਟਨਾ | ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਨੂੰ ਕੈਦ ਰੱਖਿਆ ਗਿਆ । |
| ਸਰਸਾ ਨਦੀ | ਗੋਬਿੰਦ ਰਾਏ (ਗੁਰੂ ਗੋਬਿੰਦ ਸਿੰਘ) ਜੀ ਦਾ ਜਨਮ ਹੋਇਆ। |
| ਠੰਢਾ ਬੁਰਜ | ਗੁਰੂ ਤੇਗ਼ ਬਹਾਦਰ ਜੀ ਨੇ ਤਪੱਸਿਆ ਕੀਤੀ । |
| ਜੋਤੀ ਸਰੂਪ | ਮਾਤਾ ਗੁਜਰੀ ਜੀ ਦਾ ਜਨਮ ਹੋਇਆ। |

**8. ਪੜ੍ਹੋ ਅਤੇ ਸਮਝੋ :**

| | | |
|---|---|---|
| **ਜੋਤੀ-ਜੋਤ ਸਮਾਉਣਾ** | : | ਦੇਹ ਤਿਆਗਣਾ, ਮਰਨਾ |
| **ਪਾਲਣ-ਪੋਸਣ ਕਰਨਾ** | : | ਪਰਵਰਸ਼ ਕਰਨਾ |
| **ਤਸੀਹੇ ਦੇਣਾ** | : | ਕਸ਼ਟ ਦੇਣਾ |
| **ਸ਼ਹੀਦੀ ਦੇਣਾ** | : | ਦੇਸ ਜਾਂ ਧਰਮ ਦੀ ਖ਼ਾਤਰ ਜਾਨ ਵਾਰਨਾ |
| **ਤਪੱਸਿਆ ਕਰਨੀ** | : | ਸਰੀਰਿਕ ਸੁੱਖਾਂ ਨੂੰ ਤਿਆਗ ਕੇ ਭਗਤੀ ਕਰਨੀ |
| **ਸਰਬੰਸ ਵਾਰਨਾ** | : | ਸਾਰਾ ਪਰਿਵਾਰ ਵਾਰਨਾ |

**9. ਦਸ ਗੁਰੂਆਂ ਦੇ ਨਾਂ ਲਿਖੋ ਅਤੇ ਉਹਨਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ :**

............................................... ...............................................
............................................... ...............................................

............................................... ...............................................
............................................... ...............................................
............................................... ...............................................
............................................... ...............................................

............................................... ...............................................
............................................... ...............................................

............................................... ...............................................
............................................... ...............................................

*****

## ਪਾਠ - 18

# ਬਾਲ-ਬੋਲੀਆਂ



ਤੜਕੇ ਉੱਠਣ ਨੂੰ ਚਿੱਤ ਨਹੀਂ ਕਰਦਾ,
ਨੀਂਦ ਨੇ ਪਾਏ ਘੇਰੇ।
ਚੜ੍ਹਿਆ ਸੂਰਜ, ਚਮਕੀਆਂ ਕਿਰਨਾਂ,
ਰੌਣਕ ਚਾਰ-ਚੁਫੇਰੇ।
ਮੰਮੀ ਮੈਨੂੰ ਮਾਰੇ ਵਾਜਾਂ,
ਉੱਠ ਲਾਡਲੇ ਮੇਰੇ।
ਘੰਟੀ ਸਕੂਲ ਦੀ ਵੱਜੀ,
ਸਾਥੀ ਉਡੀਕਣ ਤੇਰੇ।
ਘੰਟੀ ਸਕੂਲ..............

ਸੁਣ ਵੇ ਰਾਣਿਆ! ਸੁਣ ਵੇ ਇੰਦਿਆ!
ਜੱਸੇ ਨੂੰ ਬੁਲਾਈਏ।
ਅੱਧੀ ਛੁੱਟੀ ਦਾ ਸਮਾਂ ਹੋ ਗਿਆ,



'ਕੱਠਿਆਂ ਖਾਣਾ ਖਾਈਏ।
ਖਾਣਾ ਖਾਂਦੇ ਗੱਲ ਨਾ ਕਰੀਏ,
ਜੂਠਾ ਨਾ ਬਚਾਈਏ।
ਪਹਿਲਾਂ ਹੱਥ ਧੋਈਏ,
ਫੇਰ ਪੰਗਤਾਂ ਲਾਈਏ।


ਸੁਣ ਵੇ ਦੀਪਿਆ! ਚੌਥੀ ਪੜ੍ਹਦਿਆ,
ਇਹ ਗੱਲ ਤੇਰੀ ਮਾੜੀ।
ਘਰੇ ਜਾ ਕੇ ਤੂੰ ਰਤਾ ਨੀ ਪੜ੍ਹਦਾ,
ਚੱਲੇ ਟੀ.ਵੀ. ਸਾਰੀ ਦਿਹਾੜੀ।
ਮੋਬਾਈਲ ਉੱਤੇ ਗੇਮਾਂ ਖੇਡਣ ਦੀ,
ਆਦਤ ਤੇਰੀ ਨੀ ਹਟਦੀ।
ਫਿਰ ਪਛਤਾਵੇਂਗਾ,
ਜਦੋਂ ਨਿਗ੍ਹਾ ਅੱਖਾਂ ਦੀ ਘਟਗੀ।



ਪਾਲੀ ਕਹਿੰਦੀ, "ਸੁਣ ਨੀ ਲੱਭੀਏ!
ਸੱਚੀ ਆਖ ਸੁਣਾਈਏ।
ਚਾਹ ਥੋੜ੍ਹੀ, ਦੁੱਧ ਬਹੁਤਾ ਪੀਈਏ,
ਘਰ ਦੀ ਰੋਟੀ ਖਾਈਏ।
ਦਾਦੀ ਮਾਂ ਨੇ ਖੀਰ ਬਣਾਈ,
ਬਾਟੇ ਭਰ-ਭਰ ਖਾਈਏ।
ਬਰਗਰ-ਪੀਜ਼ਿਆਂ ਦੇ,
ਰਤਾ ਨੇੜੇ ਨਾ ਜਾਈਏ।"

ਪੰਜ ਦਿਨ ਕਰੀਆਂ ਖ਼ੂਬ ਪੜ੍ਹਾਈਆਂ,
ਸ਼ਨੀਵਾਰ ਦਿਨ ਆਇਆ।
ਸਾਰੇ ਬੱਚਿਆਂ 'ਕੱਠਿਆਂ ਹੋ ਕੇ,
ਇੱਕ ਥਾਂ ਮਜਮਾ ਲਾਇਆ।
ਗੀਤ, ਚੁਟਕਲੇ ਖ਼ੂਬ ਸੁਣਾਏ,
ਗਿੱਧਾ, ਭੰਗੜਾ ਪਾਇਆ।
ਉਹ ਪਛਤਾਊਗਾ,
ਜੋ ਅੱਜ ਸਕੂਲ ਨਹੀਂ ਆਇਆ।





# ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| **ਮਜਮਾ** | : | ਇਕੱਠ |
| **ਬਾਟਾ** | : | ਵੱਡੀ ਬਾਟੀ |
| **ਚਿੱਤ** | : | ਮਨ |
| **ਲਾਡਲੇ** | : | ਪਿਆਰੇ |
| **ਪੰਗਤਾਂ** | : | ਕਤਾਰਾਂ |

**2. ਪੜ੍ਹੋ ਅਤੇ ਸਮਝੋ :**

| | | |
|---|---|---|
| ਵਾਜ਼ਾਂ | : | ਅਵਾਜ਼ਾਂ |
| ਕੱਠਿਆਂ | : | ਇਕੱਠਿਆਂ |

**3. ਹੇਠ ਲਿਖੀਆਂ ਸਤਰਾਂ ਨੂੰ ਪੂਰਾ ਕਰੋ :**

(ੳ) ਮੰਮੀ ਮੈਨੂੰ ਮਾਰੇ 'ਵਾਜ਼ਾਂ,

......................................................

......................................................

(ਅ) ਪਹਿਲਾਂ ਹੱਥ ਧੋਈਏ,

......................................................

......................................................

(ੲ) ਚਾਹ ਥੋੜ੍ਹੀ, ਦੁੱਧ ਬਹੁਤਾ ਪੀਈਏ;

......................................................

......................................................

(ਸ) ਗੀਤ, ਚੁਟਕਲੇ ਖ਼ੂਬ ਸੁਣਾਏ,

......................................................

......................................................

4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸਕੂਲ ਲੱਗਣ ਦਾ ਕਿਵੇਂ ਪਤਾ ਲੱਗਦਾ ਹੈ ?

..........................................................................................................

..........................................................................................................

..........................................................................................................

..........................................................................................................

(ਅ) ਖਾਣਾ ਖਾਣ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ ?

..........................................................................................................

..........................................................................................................

..........................................................................................................

..........................................................................................................

(ੲ) ਬੋਲੀਆਂ ਵਿੱਚ ਕਿਹੋ-ਜਿਹੀਆਂ ਚੀਜ਼ਾਂ ਨਾ ਖਾਣ ਦੀ ਗੱਲ ਕੀਤੀ ਗਈ ਹੈ ?

..........................................................................................................

..........................................................................................................

..........................................................................................................

..........................................................................................................

(ਸ) ਬਾਲ-ਸਭਾ ਵਿੱਚ ਬੱਚੇ ਕੀ ਕਰਦੇ ਹਨ ?

..........................................................................................................

..........................................................................................................

..........................................................................................................

..........................................................................................................

5. ਪੜ੍ਹੋ, ਸਮਝੋ ਅਤੇ ਲਿਖੋ :

ਤੜਕੇ : ਆਥਣੇ

ਉੱਠਣ : ............................ ............................ ਅੱਧੀ : ............................ ............................

| | | | | | |
|---|---|---|---|---|---|
| ਜੂਠਾ | : | ............................ <br> ............................ | ਸੱਚੀ | : | ............................ <br> ............................ |
| ਥੋੜ੍ਹੀ | : | ............................ <br> ............................ | ਨੇੜੇ | : | ............................ <br> ............................ |
| ਇਕੱਠਿਆਂ | : | ............................ <br> ............................ | | | |

## 6. ਮਿਲਾਣ ਕਰੋ :

| | |
|---|---|
| ਸੂਰਜ | ਖੀਰ |
| ਅੱਧੀ ਛੁੱਟੀ | ਗੀਤ,ਚੁਟਕਲੇ |
| ਬਾਲ-ਸਭਾ | ਕਿਰਨਾਂ |
| ਮੋਬਾਈਲ | ਖਾਣਾ |
| ਦਾਦੀ | ਗੇਮਾਂ |

## 7. ਨਿਮਨ ਅਨੁਸਾਰ ਲਿਖੋ :

| ਚੰਗੀਆਂ ਆਦਤਾਂ | ਬੁਰੀਆਂ ਆਦਤਾਂ |
|---|---|
| .................................................. <br> .................................................. | .................................................. <br> .................................................. |
| .................................................. <br> .................................................. | .................................................. <br> .................................................. |
| .................................................. <br> .................................................. | .................................................. <br> .................................................. |
| .................................................. <br> .................................................. | .................................................. <br> .................................................. |

(ੳ) ਆਪਣੇ ਸਕੂਲ ਦੀ ਬਾਲ-ਸਭਾ ਵਿੱਚ ਉਪਰੋਕਤ ਬੋਲੀਆਂ ਪਾਓ।
(ਅ) ਅਧਿਆਪਕ ਮਲਵਈ ਗਿੱਧੇ ਦੇ ਰੂਪ ਵਿੱਚ ਇਹ ਪਾਠ ਪੜ੍ਹਾ ਸਕਦਾ ਹੈ। ਇਸ ਤਰ੍ਹਾਂ ਵਿਦਿਆਰਥੀ ਵਧੇਰੇ ਅਨੰਦ ਮਾਣਨਗੇ।

*****

## ਪਾਠ - 19

# ਬਾਬੇ ਭਕਨੇ ਦੀਆਂ ਪਿਆਰੀਆਂ ਗੱਲਾਂ



ਬਾਬਾ ਸੋਹਣ ਸਿੰਘ ਭਕਨਾ ਇੱਕ ਮਹਾਨ ਯੋਧਾ ਤੇ ਪ੍ਰਸਿੱਧ ਦੇਸ-ਭਗਤ ਹੋਏ ਹਨ। ਆਪ ਅਮਰੀਕਾ ਵੱਸਦੇ ਭਾਰਤੀਆਂ ਵੱਲੋਂ ਬਣਾਈ 'ਗ਼ਦਰ-ਪਾਰਟੀ' ਦੇ ਪਹਿਲੇ ਪ੍ਰਧਾਨ ਸਨ। ਉਹਨਾਂ ਨੇ ਆਪਣੇ ਜੀਵਨ ਦੇ 26 ਸਾਲ ਅੰਗਰੇਜ਼ਾਂ ਦੀਆਂ ਜੇਲ੍ਹਾਂ ਵਿੱਚ ਬਿਤਾਏ।

ਬਾਬਾ ਜੀ ਜਿੱਥੇ ਉੱਘੇ ਦੇਸ-ਭਗਤ ਸਨ, ਉੱਥੇ ਬੜੀ ਹੀ ਨਿੱਘੀ ਤੇ ਉੱਚੀ ਸ਼ਖ਼ਸੀਅਤ ਦੇ ਮਾਲਕ ਵੀ ਸਨ। ਉਹਨਾਂ ਦੇ ਜੀਵਨ ਨਾਲ਼ ਸੰਬੰਧਿਤ ਕੁਝ ਘਟਨਾਵਾਂ ਇੱਥੇ ਦਿੱਤੀਆਂ ਜਾਂਦੀਆਂ ਹਨ :

ਕੈਦ ਕੱਟਣ ਪਿੱਛੋਂ ਆਪ ਪਿੰਡ ਹੀ ਰਹੇ। ਦੇਸ-ਭਗਤਾਂ ਦੇ ਬੱਚਿਆਂ ਨੂੰ ਪਾਲਣ-ਪੋਸਣ ਲਈ ਉਹਨਾਂ ਨੇ 'ਕਿਰਤੀ-ਕਿਸਾਨ ਆਸ਼ਰਮ' ਖੋਲ੍ਹ ਲਿਆ। ਸਕੂਲ ਵਿੱਚ ਸਾਰੇ ਰਲ਼ ਕੇ ਹੀ ਕੰਮ ਕਰਦੇ ਤੇ ਰਲ਼ ਕੇ ਹੀ ਖਾਂਦੇ। ਉਹਨਾਂ ਨੇ ਬੱਚਿਆਂ ਦੇ ਸਕੂਲ ਲਈ ਆਪਣੀ ਦਸ ਏਕੜ ਜ਼ਮੀਨ ਦੇ ਦਿੱਤੀ। ਫਿਰ ਹਜ਼ਾਰਾਂ ਰੁਪਏ ਇਕੱਠੇ ਕਰ ਕੇ ਆਪਣੇ ਪਿੰਡ ਵਿੱਚ ਸਕੂਲ ਦੀ ਉਸਾਰੀ ਕਰਵਾਈ।

ਇੱਕ ਵਾਰ ਬਾਬਾ ਜੀ ਆਪਣੇ ਖੇਤਾਂ ਵੱਲ ਜਾ ਰਹੇ ਸਨ। ਆਪਣੇ ਕਮਾਦ ਦੇ ਖੇਤ ਨੇੜੇ ਉਹਨਾਂ ਨੇ ਕੁਝ ਬੱਚਿਆਂ ਦੀ ਗੱਲ-ਬਾਤ ਸੁਣੀ। ਇਹ ਬੱਚੇ ਗੰਨੇ ਚੂਪਣ ਦੀਆਂ ਸਲਾਹਾਂ ਕਰ ਰਹੇ ਸਨ। ਇਹ ਬੱਚੇ ਬਾਬਾ ਜੀ ਦੇ ਬਣਾਏ ਸਕੂਲ ਵਿੱਚ ਪੜ੍ਹਦੇ ਸਨ। ਇੱਕ ਬੱਚੇ ਨੇ ਕਿਹਾ,"ਏਦਾਂ ਚੋਰੀਓਂ ਗੰਨੇ ਪੁੱਟਣਾ ਠੀਕ ਨਹੀਂ, ਬਾਬਾ ਜੀ ਗ਼ੁੱਸੇ ਹੋਣਗੇ।" ਬਾਕੀ ਬੱਚੇ ਵੀ ਉਸ ਦੀ ਗੱਲ ਮੰਨ ਗਏ। ਉਹ ਗੰਨੇ ਚੂਪੇ ਬਗ਼ੈਰ ਹੀ ਚਲੇ ਗਏ। ਅਗਲੇ ਦਿਨ ਬਾਬਾ ਜੀ ਨੇ ਪ੍ਰਾਰਥਨਾ ਵੇਲ਼ੇ ਪਹਿਲੇ ਦਿਨ ਦੀ ਘਟਨਾ ਸੁਣਾਈ। ਉਹਨਾਂ ਨੇ ਚੋਰੀਓਂ ਗੰਨੇ ਪੁੱਟਣ ਦੀ ਸਲਾਹ ਕਰਨ ਵਾਲ਼ੇ ਅਤੇ ਉਹਨਾਂ ਨੂੰ ਵਰਜਣ ਵਾਲ਼ੇ ਬੱਚਿਆਂ ਬਾਰੇ ਪੁੱਛਿਆ। ਉਹਨਾਂ ਬੱਚਿਆਂ ਦੇ ਖੜ੍ਹੇ ਹੋਣ 'ਤੇ ਬਾਬਾ ਜੀ ਬਹੁਤ ਖ਼ੁਸ਼ ਹੋਏ। ਤਦ ਉਹਨਾਂ ਨੇ ਕੇਵਲ ਉਹਨਾਂ ਬੱਚਿਆਂ ਨੂੰ ਹੀ ਨਹੀਂ ਸਗੋਂ ਸਕੂਲ ਦੇ ਸਾਰੇ ਬੱਚਿਆਂ ਨੂੰ ਕਮਾਦ ਦੇ ਖੇਤ ਵਿੱਚ ਜਾ ਕੇ ਗੰਨੇ ਚੂਪਣ ਲਈ ਕਿਹਾ।

. . . . . . . . .

ਇੱਕ ਵਾਰ ਕਿਸੇ ਦੇਸ ਦਾ ਰਾਜਦੂਤ ਬਾਬਾ ਜੀ ਦੇ ਆਸ਼ਰਮ ਵਿੱਚ ਉਹਨਾਂ ਨੂੰ ਮਿਲ਼ਨ ਆਇਆ। ਉਸ ਨੇ ਬਾਬਾ ਜੀ ਤੋਂ ਪੁੱਛਿਆ,"ਬਾਬਾ ਜੀ, ਤੁਹਾਡੀ ਸੰਤਾਨ ?"

ਬਾਬਾ ਜੀ ਨੇ ਸਹਿਜ-ਸੁਭਾਅ 'ਤਿੰਨ ਸੌ' ਕਹਿ ਦਿੱਤਾ। ਰਾਜਦੂਤ ਬੜਾ ਹੈਰਾਨ ਹੋਇਆ। ਉਸ ਦੇ ਦੁਬਾਰਾ ਪੁੱਛਣ 'ਤੇ ਬਾਬਾ ਜੀ ਨੇ ਸਾਮ੍ਹਣੇ ਸਕੂਲ ਵੱਲ ਇਸ਼ਾਰਾ ਕੀਤਾ। ਉਹਨਾਂ ਨੇ ਕਿਹਾ,"ਅਹੁ ਸਾਮ੍ਹਣੇ ਸਕੂਲ ਵਿੱਚ ਪੜ੍ਹਦੇ ਹਨ, ਮੇਰੇ ਤਿੰਨ ਸੌ ਬੱਚੇ।" ਉਹ ਸਕੂਲ ਦੇ ਸਾਰੇ ਬੱਚਿਆਂ ਨੂੰ ਹੀ ਆਪਣੀ ਸੰਤਾਨ ਸਮਝਦੇ ਸਨ।

. . . . . . . . .

ਇੱਕ ਵਾਰ ਬਾਬਾ ਸੋਹਣ ਸਿੰਘ ਭਕਨਾ ਨੂੰ ਉਹਨਾਂ ਦੇ ਲਿਖੇ ਇੱਕ ਲੇਖ ਦੇ ਸੇਵਾ-ਫਲ਼ ਵਜੋਂ ਤਿੰਨ ਸੌ ਰੁਪਏ ਮਿਲ਼ੇ। ਉਹਨਾਂ ਨੇ ਇਹਨਾਂ ਪੈਸਿਆਂ ਨਾਲ਼ ਸਕੂਲ ਦੇ ਗ਼ਰੀਬ ਬੱਚਿਆਂ ਨੂੰ ਵਰਦੀਆਂ ਅਤੇ ਬੂਟ ਲੈ ਦਿੱਤੇ। ਇਸ ਤਰ੍ਹਾਂ ਉਹਨਾਂ ਨੂੰ ਜਿਹੜੀ ਆਮਦਨ ਹੁੰਦੀ, ਸਕੂਲ ਦੇ ਬੱਚਿਆਂ ਲਈ ਖ਼ਰਚ ਕਰ ਦਿੱਤੀ ਜਾਂਦੀ।

ਬਾਬਾ ਜੀ ਨੇ ਜਿਹੜਾ ਸਕੂਲ ਬਣਾਇਆ, ਉਸ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਸਕੂਲ ਦੇ ਅਧਿਆਪਕ ਵੀ ਤੇ ਬੱਚੇ ਵੀ ਮਿਲ਼ ਕੇ ਯਤਨ ਕਰਦੇ ਸਨ। ਇੱਕ ਵਾਰ ਲੋਹੜੀ ਦਾ ਦਿਨ ਸੀ। ਇਸ ਮੌਕੇ 'ਤੇ ਉਸ ਵੇਲ਼ੇ ਦੇ ਮੁੱਖ-ਅਧਿਆਪਕ ਬੱਚਿਆਂ ਨੂੰ ਨਾਲ਼ ਲੈ ਕੇ ਬਾਬਾ ਜੀ ਦੇ

ਆਸ਼ਰਮ ਗਏ। ਬਾਬਾ ਜੀ ਨੇ ਮਾਤਾ ਜੀ ਨੂੰ ਪੁੱਛਿਆ,"ਘਰ ਵਿੱਚ ਤੁਹਾਨੂੰ ਕਿਹੜੀ ਚੀਜ਼ ਸਭ ਤੋਂ ਵੱਧ ਚੰਗੀ ਲੱਗਦੀ ਏ?" ਮਾਤਾ ਜੀ ਨੇ ਮੱਝ ਵੱਲ ਇਸ਼ਾਰਾ ਕੀਤਾ। ਬਾਬਾ ਜੀ ਕਹਿਣ ਲੱਗੇ,"ਘਰ ਦੀ ਕਿਸੇ ਚੀਜ਼ ਨਾਲ਼ੋਂ ਸਕੂਲ ਕਿਤੇ ਚੰਗਾ ਹੁੰਦਾ ਹੈ ਜਿੱਥੇ ਬੱਚਿਆਂ ਦੀ ਜ਼ਿੰਦਗੀ ਬਣਦੀ ਏ। ਇਹ ਮੱਝ ਸਕੂਲ ਨੂੰ ਦਾਨ ਦੇ ਦਿਓ।"

ਮਾਤਾ ਜੀ ਨੇ ਮੱਝ ਕਿੱਲੇ ਤੋਂ ਖੋਲ੍ਹੀ ਤੇ ਲੋਹੜੀ ਮੰਗਣ ਵਾਲ਼ਿਆਂ ਨੂੰ ਫੜਾ ਦਿੱਤੀ। ਉਹਨਾਂ ਮੱਝ ਵੇਚ ਕੇ ਰਕਮ ਸਕੂਲ-ਫ਼ੰਡ ਵਿੱਚ ਜਮ੍ਹਾ ਕਰ ਲਈ। ਇਸ ਤਰ੍ਹਾਂ ਬਾਬਾ ਜੀ ਹੀ ਨਹੀਂ, ਮਾਤਾ ਜੀ ਵੀ ਬੱਚਿਆਂ ਦੀ ਭਲਾਈ ਲਈ ਸਭ ਕੁਝ ਅਰਪਣ ਕਰਨ ਲਈ ਤਿਆਰ ਰਹਿੰਦੇ ਸਨ।


• • • • • • • • •

ਇੱਕ ਵਾਰ ਬਾਬਾ ਜੀ ਆਪਣੇ ਪੁਰਾਣੇ ਘਰ ਨੂੰ ਢਾਹ ਕੇ ਨਵਾਂ ਘਰ ਬਣਾਉਣ ਬਾਰੇ ਸੋਚ ਰਹੇ ਸਨ। ਇੱਕ ਦਿਨ ਉਹ ਪਿੰਡ ਦੇ ਮਿਸਤਰੀਆਂ ਨੂੰ ਲੈ ਕੇ ਗਾਡਰ ਆਦਿ ਲੈਣ ਲਈ ਸ਼ਹਿਰ ਚਲੇ ਗਏ। ਰਸਤੇ ਵਿੱਚ ਟੱਪਰੀਵਾਸਾਂ ਦੀਆਂ ਟੱਪਰੀਆਂ ਵੇਖ ਕੇ ਮਨ ਪੱਘਰ ਗਿਆ। ਸ਼ਹਿਰ ਤੋਂ ਗਾਡਰ ਦੀ ਥਾਂ ਬਾਂਸ ਅਤੇ ਸਿਰਕੀਆਂ ਲੈ ਕੇ ਮੁੜੇ। ਫਿਰ ਉਹ ਇਹਨਾਂ ਝੁੱਗੀਆਂ ਜਿਹੇ ਘਰ ਵਿੱਚ ਹੀ ਅੰਤਲੇ ਪਲਾਂ ਤੱਕ ਰਹੇ। ਕੋਈ ਪੁੱਛਦਾ ਤਾਂ ਕਹਿੰਦੇ,"ਮੇਰੇ ਦੇਸ ਦੀ ਜਨਤਾ ਨੂੰ ਚੱਜ ਨਾਲ਼ ਰਹਿਣ ਜੋਗੇ ਮਕਾਨ ਨਹੀਂ ਜੁੜੇ। ਫੇਰ ਮੇਰੀ ਦੇਸ-ਭਗਤੀ ਕਾਹਦੀ ਹੋਈ ਜੇਕਰ ਮੈਂ ਆਲੀਸ਼ਾਨ ਘਰਾਂ ਵਿੱਚ ਰਹਾਂ?"

• • • • • • • • •

ਉਹਨਾਂ ਵੱਲੋਂ ਲਾਏ ਇੱਕ ਆੜੂ ਦੇ ਬੂਟੇ ਨੂੰ ਇੱਕ ਵਾਰ ਇੱਕ ਆੜੂ ਲੱਗਾ। ਬੱਚਿਆਂ ਨੇ ਚਾਈਂ-ਚਾਈਂ ਬਾਬਾ ਜੀ ਨੂੰ ਦੱਸਿਆ। ਉਸ ਆੜੂ ਉੱਤੇ ਕੱਪੜੇ ਦੀ ਪੋਟਲ਼ੀ ਜਿਹੀ ਚੜ੍ਹਵਾ ਦਿੱਤੀ ਗਈ। ਪੱਕ ਜਾਣ 'ਤੇ ਬਾਬਾ ਜੀ ਨੇ ਉਸ ਆੜੂ ਨੂੰ ਬੱਚਿਆਂ ਵਿੱਚ ਭੋਰਾ-ਭੋਰਾ ਕਰਕੇ ਵੰਡਿਆ। ਇਸ 'ਸਾਂਝੀ-ਵੰਡ' ਵਿੱਚ ਬਾਬਾ ਜੀ ਤੇ ਬੱਚਿਆਂ ਨੂੰ ਬਹੁਤ ਖ਼ੁਸ਼ੀ ਹੋਈ।

ਇਸ ਮਹਾਨ ਦੇਸ-ਭਗਤ ਦਾ ਜਨਮ ਪਿੰਡ 'ਭਕਨਾ' ਵਿਖੇ ਜਨਵਰੀ, 1870 ਈ. ਨੂੰ ਹੋਇਆ। ਬੱਚਿਆਂ ਅਤੇ ਜਨਤਾ ਦਾ ਸੱਚਾ-ਸੁੱਚਾ ਹਮਦਰਦ ਬੜੀ ਸਿਹਤਮੰਦ ਤੇ ਲੰਮੀ ਉਮਰ ਭੋਗ ਕੇ 21 ਦਸੰਬਰ, 1968 ਈ. ਨੂੰ ਸਦਾ ਲਈ ਅੱਖਾਂ ਮੀਟ ਗਿਆ।



## ਪਾਠ-ਅਭਿਆਸ

### 1. ਪੜ੍ਹੋ ਅਤੇ ਸਮਝੋ :

| | | |
|---|---|---|
| ਆਸ਼ਰਮ | : | ਅਸਥਾਨ, ਰਹਿਣ ਦਾ ਡੇਰਾ |
| ਮੋਹ | : | ਪਿਆਰ |
| ਕਮਾਦ | : | ਗੰਨਾ (ਗੰਨੇ ਦੀ ਫ਼ਸਲ) |
| ਸੰਤਾਨ | : | ਉਲ਼ਾਦ, ਬਾਲ-ਬੱਚਾ |
| ਸੇਵਾ -ਫਲ਼ | : | ਮਿਹਨਤਾਨਾ (ਕੰਮ ਕਰਨ ਬਦਲੇ ਮਿਲ਼ੇ ਰੁਪਏ) |
| ਆਮਦਨ | : | ਕਮਾਈ, ਮੁਨਾਫ਼ਾ |
| ਅਰਪਣ | : | ਭੇਟਾ, ਦਾਨ |
| ਆਲੀਸ਼ਾਨ | : | ਸ਼ਾਨਦਾਰ |
| ਹਮਦਰਦ | : | ਦੁੱਖ ਵੰਡਾਉਣ ਵਾਲ਼ਾ |
| ਸਿਹਤਮੰਦ | : | ਅਰੋਗ, ਰਾਜ਼ੀ |

### 2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਬਾਬਾ ਜੀ ਗ਼ਦਰ-ਪਾਰਟੀ ਦੇ ਪਹਿਲੇ ........................ ਸਨ।

(ਅ) ਸਾਰੇ ਬੱਚਿਆਂ ਨੂੰ ਕਮਾਦ ਦੇ ਖੇਤ ਵਿੱਚ ਜਾ ਕੇ ........................ ਚੂਪਣ ਲਈ ਕਿਹਾ।

(ੲ) ਇਹ ਮੱਝ ਸਕੂਲ ਨੂੰ ........................ ਦੇਣ ਲਈ ਖੋਲ੍ਹ ਦਿਓ।

(ਸ) ਮਾਤਾ ਜੀ ਵੀ ਬੱਚਿਆਂ ਦੀ ਭਲਾਈ ਲਈ ਸਭ ਕੁਝ ........................ ਕਰਨ ਲਈ ਤਿਆਰ ਰਹਿੰਦੇ ਸਨ।

(ਹ) ਮੇਰੇ ਦੇਸ ਦੀ ਜਨਤਾ ਨੂੰ ਚੱਜ ਨਾਲ਼ ਰਹਿਣ ਜੋਗੇ ........................ ਨਹੀਂ ਜੁੜੇ।

*(ਅਰਪਣ, ਮਕਾਨ, ਦਾਨ, ਗੰਨੇ, ਪ੍ਰਧਾਨ)*

3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਬਾਬਾ ਸੋਹਣ ਸਿੰਘ ਭਕਨਾ ਕੌਣ ਸਨ?

.............................................................................................................

.............................................................................................................

.............................................................................................................

.............................................................................................................

(ਅ) ਬਾਬਾ ਸੋਹਣ ਸਿੰਘ ਭਕਨਾ ਨੇ ਕਿਹੜਾ ਆਸ਼ਰਮ ਖੋਲ੍ਹਿਆ ਤੇ ਕਿਉਂ?

.............................................................................................................

.............................................................................................................

.............................................................................................................

.............................................................................................................

(ੲ) ਰਾਜਦੂਤ ਨੇ ਬਾਬਾ ਜੀ ਤੋਂ ਕੀ ਪੁੱਛਿਆ ਅਤੇ ਬਾਬਾ ਜੀ ਨੇ ਕੀ ਉੱਤਰ ਦਿੱਤਾ?

.............................................................................................................

.............................................................................................................

.............................................................................................................

.............................................................................................................

(ਸ) ਬਾਬਾ ਜੀ ਨੇ ਲੇਖ ਦੇ ਸੇਵਾ-ਫਲ਼ ਦੇ ਪੈਸੇ ਕਿੱਥੇ ਖ਼ਰਚ ਕੀਤੇ?

.............................................................................................................

.............................................................................................................

.............................................................................................................

.............................................................................................................

(ਹ) ਲੋਹੜੀ ਦੇ ਮੌਕੇ 'ਤੇ ਮੱਝ ਦਾਨ ਕਰਨ ਸਮੇਂ ਬਾਬਾ ਜੀ ਨੇ ਮਾਤਾ ਜੀ ਨੂੰ ਕੀ ਕਿਹਾ?

.............................................................................................................

.............................................................................................................

.............................................................................................................

.............................................................................................................

(ਕ) ਅੰਤਲੇ ਪਲਾਂ ਤੱਕ ਬਾਬਾ ਜੀ ਝੁੱਗੀਆਂ ਜਿਹੇ ਘਰ ਵਿੱਚ ਹੀ ਕਿਉਂ ਰਹੇ ?

..........................................................................................

..........................................................................................

..........................................................................................

..........................................................................................

(ਖ) ਬਾਬਾ ਜੀ ਅਤੇ ਬੱਚਿਆਂ ਨੂੰ ਕਿਹੜੀ 'ਸਾਂਝੀ-ਵੰਡ' ਕਰਕੇ ਖ਼ੁਸ਼ੀ ਹੋਈ ?

..........................................................................................

..........................................................................................

..........................................................................................

..........................................................................................

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਦੇਸ-ਭਗਤ : ..........................................................................

..........................................................................

(ਅ) ਗ਼ਦਰ-ਪਾਰਟੀ : ..........................................................................

..........................................................................

(ੲ) ਮੁੱਖ ਅਧਿਆਪਕ : ..........................................................................

..........................................................................

(ਸ) ਸਕੂਲ-ਫ਼ੰਡ : ..........................................................................

..........................................................................

(ਡ) ਸਾਂਝੀ ਵੰਡ : ..........................................................................

..........................................................................

(ਕ) ਸੇਵਾ-ਫਲ਼ : ..........................................................................

..........................................................................


5. **ਇਸ ਪਾਠ ਵਿੱਚ ਹੇਠ ਲਿਖੇ ਸ਼ਬਦ ਆਏ ਹਨ, ਇਹਨਾਂ ਨੂੰ ਸਮਝੋ :**

- **ਗ਼ਦਰ-ਪਾਰਟੀ** : ਭਾਰਤ ਤੋਂ ਬਾਹਰ ਰਹਿਣ ਵਾਲ਼ੇ ਹਿੰਦੁਸਤਾਨੀ ਦੇਸ-ਭਗਤਾਂ ਦੀ ਇੱਕ ਜਮਾਤ ਜਿਸ ਦਾ ਕੰਮ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣਾ ਸੀ।
- **ਰਾਜਦੂਤ** : ਕਿਸੇ ਰਾਜ ਜਾਂ ਸਰਕਾਰ ਵੱਲੋਂ ਕਿਸੇ ਹੋਰ ਰਾਜ ਜਾਂ ਸਰਕਾਰ ਵੱਲ ਕਿਸੇ ਵਿਸ਼ੇਸ਼ ਮਨੋਰਥ ਲਈ ਭੇਜਿਆ ਗਿਆ ਸਥਾਈ ਪ੍ਰਤਿਨਿਧ, ਦੂਤ।
- **ਸਿਰਕੀਆਂ** : ਕਾਨੇ ਦੀਆਂ ਤੀਲ੍ਹਾਂ ਨੂੰ ਨਾਲ਼-ਨਾਲ਼ ਰੱਖ ਕੇ ਤੇ ਵਿੱਚੋਂ ਦੀ ਰੱਸੀ ਲੰਘਾ ਕੇ ਬਣਾਇਆ ਤੂੜਾ ਜੋ ਛੱਤਾਂ 'ਤੇ ਪੈਂਦਾ ਹੈ, ਬੂਹੇ ਜਾਂ ਬਾਰੀ ਅੱਗੇ ਲਟਕਣ ਵਾਲ਼ੀ ਚਿਕ।

6. **ਅਧਿਆਪਕ ਨਿਮਨ-ਲਿਖਤ ਵਾਕ ਬੋਲ ਕੇ ਵਿਦਿਆਰਥੀਆਂ ਨੂੰ ਲਿਖਣ ਲਈ ਕਹਿਣ :**

- ਸਕੂਲ ਵਿੱਚ ਸਾਰੇ ਰਲ਼ ਕੇ ਕੰਮ ਕਰਦੇ ਸਨ।
- ਬਾਬਾ ਜੀ ਨੇ ਪਿੰਡ ਵਿੱਚ ਸਕੂਲ ਦੀ ਉਸਾਰੀ ਕਰਵਾਈ।
- ਰਾਜਦੂਤ ਬੜਾ ਹੈਰਾਨ ਹੋਇਆ।
- ਸਕੂਲ ਵਿੱਚ ਬੱਚਿਆਂ ਦੀ ਜ਼ਿੰਦਗੀ ਬਣਦੀ ਹੈ।
- ਸਾਂਝੀ ਵੰਡ ਤੋਂ ਬੱਚਿਆਂ ਨੂੰ ਬਹੁਤ ਖ਼ੁਸ਼ੀ ਹੋਈ।

7. **ਬਾਬਾ ਸੋਹਣ ਸਿੰਘ ਭਕਨਾ ਦੇ ਜੀਵਨ ਨਾਲ਼ ਸੰਬੰਧਿਤ ਗੱਲਾਂ ਹੇਠਾਂ ਦਿੱਤੇ ਗੋਲ਼ ਚੱਕਰਾਂ ਵਿੱਚ ਲਿਖੋ:**



7. ਹੇਠ ਦਿੱਤੇ ਵਿਸ਼ੇ 'ਤੇ ਲੇਖ ਲਿਖੋ:-

## ਠੰਢ ਦਾ ਇੱਕ ਦਿਨ

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

.................................................................................................................

*****

ਪਾਠ-20

# ਮਿਹਨਤ ਦਾ ਮੁੱਲ

ਈਸ਼ਵਰ ਚੰਦਰ ਵਿੱਦਿਆਸਾਗਰ ਸਾਡੇ ਦੇਸ ਦੇ ਉੱਘੇ ਵਿਦਵਾਨ ਹੋਏ ਹਨ। ਇੱਕ ਵਾਰ ਈਸ਼ਵਰ ਚੰਦਰ ਵਿੱਦਿਆਸਾਗਰ ਬਜ਼ਾਰ ਵਿੱਚੋਂ ਲੰਘ ਰਹੇ ਸਨ। ਉਹ ਇੱਕ ਮੰਗਤੇ ਦੀ ਅਵਾਜ਼ ਸੁਣ ਕੇ ਰੁਕ ਗਏ। ਮੰਗਤਾ ਇੱਕ ਛੋਟੀ ਜਿਹੀ ਉਮਰ ਦਾ ਮੁੰਡਾ ਸੀ। ਉਹਨਾਂ ਨੇ ਮੁੰਡੇ ਵੱਲ ਗਹੁ ਨਾਲ਼ ਤੱਕਿਆ। ਮੁੰਡੇ ਦੇ ਨੈਣ-ਪ੍ਰਾਣ ਤਾਂ ਸਬੂਤੇ ਸਨ ਪਰ ਸਰੀਰ ਦਾ ਬੜਾ ਕਮਜ਼ੋਰ ਸੀ। ਵਿੱਦਿਆਸਾਗਰ ਜੀ ਨੂੰ ਇਹ ਸਮਝਦਿਆਂ ਦੇਰ ਨਾ ਲੱਗੀ ਕਿ ਉਹ ਮੁੰਡਾ ਸੱਚ-ਮੁੱਚ ਹੀ ਬਹੁਤ ਗ਼ਰੀਬ ਹੈ। ਉਹਨਾਂ ਨੂੰ ਆਪਣੇ ਵੱਲ ਵੇਖਦਿਆਂ ਤੱਕ ਕੇ ਮੁੰਡੇ ਨੇ ਤਰਲਾ ਭਰ ਕੇ ਆਖਿਆ,"ਬਾਬੂ ਜੀ! ਇੱਕ ਪੈਸਾ! ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ।"



"ਜੇ ਭਲਾ ਮੈਂ ਤੈਨੂੰ ਦੋ ਆਨੇ ਦੇ ਦਿਆਂ ਤਾਂ ਉਹਨਾਂ ਦਾ ਕੀ ਕਰੇਂਗਾ?" ਵਿੱਦਿਆਸਾਗਰ ਜੀ ਨੇ ਪੁੱਛਿਆ।

ਮੁੰਡੇ ਦੀਆਂ ਅੱਖਾਂ ਵਿੱਚ ਚਮਕ ਆ ਗਈ। ਉਸ ਨੇ ਕਿਹਾ,"ਬਹੁਤ ਮਿਹਰਬਾਨੀ ਹੋਵੇਗੀ, ਬਾਬੂ ਜੀ! ਘਰ ਮੇਰੀ ਮਾਂ ਵੀ ਭੁੱਖੀ ਹੈ। ਅਸੀਂ ਦੋ ਆਨਿਆਂ ਦੇ ਚੌਲ਼ ਲੈ ਕੇ ਰਿੰਨ੍ਹ ਲਵਾਂਗੇ।"

"ਜੇ ਭਲਾ ਮੈਂ ਤੈਨੂੰ ਚਾਰ ਆਨੇ ਦੇ ਦਿਆਂ, ਫਿਰ ?" ਵਿੱਦਿਆਸਾਗਰ ਜੀ ਨੇ ਪੁੱਛਿਆ।

"ਫਿਰ ਕੱਲ੍ਹ ਨੂੰ ਵੀ ਖਾਣ ਨੂੰ ਮਿਲ਼ ਜਾਏਗਾ," ਮੁੰਡੇ ਨੇ ਕਿਹਾ।

"ਜੇ ਅੱਠ ਆਨੇ……," ਵਿੱਦਿਆਸਾਗਰ ਜੀ ਨੇ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ ਕਿ ਮੁੰਡਾ ਕੁਝ ਚੁੱਪ ਜਿਹਾ ਹੋ ਗਿਆ। ਉਹ ਸ਼ਾਇਦ ਇਹ ਸੋਚਣ ਲੱਗ ਪਿਆ ਸੀ ਕਿ ਇਹ ਆਦਮੀ ਉਸ ਨਾਲ਼ ਮਖੌਲ ਕਰ ਰਿਹਾ ਹੈ, ਅੱਠ ਆਨੇ ਕਿੰਞ ਦੇਵੇਗਾ ? ਉਸ ਨੂੰ ਤਾਂ ਇੱਕ ਪੈਸਾ ਵੀ ਡਾਢੀ ਮੁਸ਼ਕਲ ਨਾਲ਼ ਮਿਲ਼ਦਾ ਹੈ। ਉਸ ਦੇ ਚੁੱਪ ਹੋਣ ਉੱਤੇ ਵਿੱਦਿਆਸਾਗਰ ਜੀ ਵੀ ਸਮਝ ਗਏ ਕਿ ਭਿਖਾਰੀ ਮੁੰਡਾ ਇਸ ਵੇਲ਼ੇ ਕੀ ਸੋਚ ਰਿਹਾ ਹੈ। ਇੱਕ ਮਿੰਟ ਲਈ ਚੁੱਪ ਰਹਿ ਕੇ ਬੋਲੇ,"ਦੱਸ ਨਾ! ਕੀ ਕਰੇਂਗਾ ਅੱਠ ਆਨਿਆਂ ਦਾ ?"

ਮੁੰਡਾ ਜ਼ਰਾ ਖਿਝ ਗਿਆ। ਕਹਿਣ ਲੱਗਾ,"ਬਾਬੂ ਜੀ, ਕਿਉਂ ਮਖੌਲ ਕਰਦੇ ਓ ? ਜੇ ਮੈਨੂੰ ਗ਼ਰੀਬ ਨੂੰ ਕੁਝ ਦੇਣਾ ਨਹੀਂ ਤਾਂ ਮੇਰੀ ਗ਼ਰੀਬੀ ਦਾ ਮਖੌਲ ਤਾਂ ਨਾ ਉਡਾਓ।"

ਵਿੱਦਿਆਸਾਗਰ ਜੀ ਨੇ ਉਸ ਮੁੰਡੇ ਬਾਰੇ ਜੋ ਸੋਚਿਆ ਸੀ, ਉਹ ਠੀਕ ਨਿਕਲ਼ਿਆ। ਉਹਨਾਂ ਬੜੇ ਠਰ੍ਹੰਮੇ ਨਾਲ਼ ਕਿਹਾ,"ਮੈਂ ਤੈਨੂੰ ਮਖੌਲ ਨਹੀਂ ਕਰਦਾ, ਪੁੱਤਰ! ਮੈਂ ਸੱਚ-ਮੁੱਚ ਤੈਨੂੰ ਅੱਠ ਆਨੇ ਨਹੀਂ ਸਗੋਂ ਇੱਕ ਰੁਪਈਆ ਦਿਆਂਗਾ। ਮੈਂ ਤੈਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੂੰ ਉਸ ਰੁਪਈਏ ਦਾ ਕੀ ਕਰੇਂਗਾ?"

"ਉਸ ਰੁਪਈਏ ਦਾ……," ਮੁੰਡੇ ਨੇ ਕੁਝ ਝਿਜਕਦਿਆਂ ਕਿਹਾ,"ਉਸ ਰੁਪਈਏ ਦਾ…। ਉਸ ਵਿੱਚੋਂ ਅੱਠ ਆਨੇ ਮੈਂ ਆਪਣੀ ਮਾਂ ਨੂੰ ਦਿਆਂਗਾ। ਉਹ ਇਹਨਾਂ ਦੇ ਚੌਲ਼ ਲੈ ਆਵੇਗੀ। ਉਹਨਾਂ ਚੌਲ਼ਾਂ ਨਾਲ਼ ਸਾਡੇ ਚਾਰ ਦਿਨ ਨਿਕਲ਼ ਜਾਣਗੇ। ਬਾਕੀ ਅੱਠ ਆਨਿਆਂ ਦੀ ਮੂੰਗਫਲ਼ੀ ਲੈ ਕੇ ਮੈਂ ਛਾਬੜੀ ਲਾ ਲਵਾਂਗਾ। ਉਸ ਵਿੱਚੋਂ ਜੋ ਮੁਨਾਫ਼ਾ ਹੋਵੇਗਾ, ਉਸ ਦੀ ਹੋਰ ਮੂੰਗਫਲ਼ੀ ਲੈ ਕੇ ਵੇਚਾਂਗਾ। ਇੰਞ ਸਾਡਾ ਗੁਜ਼ਾਰਾ ਚੱਲਣ ਲੱਗ ਜਾਏਗਾ।"

ਵਿੱਦਿਆਸਾਗਰ ਜੀ ਉਸ ਮੁੰਡੇ ਦਾ ਉੱਤਰ ਸੁਣ ਕੇ ਬਹੁਤ ਖ਼ੁਸ਼ ਹੋਏ। ਉਹਨਾਂ ਆਪਣੀ ਜੇਬ ਵਿੱਚੋਂ ਇੱਕ ਰੁਪਈਆ ਕੱਢ ਕੇ ਉਸ ਮੁੰਡੇ ਦੇ ਹੱਥ ਫੜਾਇਆ ਤੇ ਉਸ ਦਾ ਮੋਢਾ ਥਾਪੜਦਿਆਂ ਕਿਹਾ,"ਮੇਰੇ ਚੰਗੇ ਪੁੱਤਰ! ਇਵੇਂ ਹੀ ਕਰੀਂ, ਜਿਵੇਂ ਤੂੰ ਕਿਹਾ ਹੈ।" ਇਹ ਕਹਿ ਕੇ ਉਹ ਅਗਾਂਹ ਚਲੇ ਗਏ।

ਇਸ ਤੋਂ ਕੋਈ ਦਸ ਵਰ੍ਹੇ ਬਾਅਦ ਵਿੱਦਿਆਸਾਗਰ ਜੀ ਉਸੇ ਸ਼ਹਿਰ ਵਿੱਚੋਂ ਲੰਘ ਰਹੇ ਸਨ। ਉਹਨਾਂ ਨੂੰ ਇੱਕ ਨੌਜਵਾਨ ਨੇ ਆ ਕੇ ਪੈਰੀਂ ਹੱਥ ਲਾਏ। ਉਸ ਨੌਜਵਾਨ ਨੇ ਚੰਗੇ ਕੱਪੜੇ ਪਾਏ ਹੋਏ ਸਨ। ਵਿੱਦਿਆਸਾਗਰ ਜੀ ਉਸ ਨੂੰ ਪਛਾਣ ਨਾ ਸਕੇ। ਮੱਥਾ ਟੇਕਣ ਪਿੱਛੋਂ ਉਸ ਮੁੰਡੇ ਨੇ ਉਹਨਾਂ ਨੂੰ ਹੱਥ ਜੋੜਦਿਆਂ ਕਿਹਾ,"ਬਾਬੂ ਜੀ! ਮਿਹਰਬਾਨੀ ਕਰਕੇ ਜ਼ਰਾ ਇੱਕ ਮਿੰਟ ਲਈ

ਮੇਰੇ ਨਾਲ਼ ਆਓ।" ਉਹ ਇਹ ਕਹਿ ਕੇ ਸਾਮ੍ਹਣੀ ਦੁਕਾਨ ਵੱਲ ਵਧਿਆ। ਵਿੱਦਿਆਸਾਗਰ ਜੀ ਵੀ ਉਸ ਦੇ ਪਿੱਛੇ-ਪਿੱਛੇ ਤੁਰ ਪਏ।

ਦੁਕਾਨ ਅੰਦਰ ਜਾ ਕੇ ਉਸ ਨੌਜਵਾਨ ਨੇ ਉਹਨਾਂ ਨੂੰ ਬੜੇ ਸਤਿਕਾਰ ਨਾਲ਼ ਬਿਠਾਉਂਦਿਆਂ ਕਿਹਾ,"ਬਾਬੂ ਜੀ! ਪਛਾਣਿਆ ਨਹੀਂ, ਮੈਨੂੰ? ਮੈਂ ਉਹੀ ਭਿਖਾਰੀ ਮੁੰਡਾ ਹਾਂ ਜਿਸ ਨੂੰ ਅੱਜ ਤੋਂ ਬਹੁਤ ਸਾਲ ਪਹਿਲਾਂ ਤੁਸੀਂ ਇੱਕ ਰੁਪਈਆ ਦਿੱਤਾ ਸੀ।" ਹੁਣ ਇਹ ਦੁਕਾਨ ਮੇਰੀ ਹੈ। ਵਿੱਦਿਆਸਾਗਰ ਜੀ ਸਾਰੀ ਗੱਲ ਸਮਝ ਗਏ। ਇਸ ਵੇਲ਼ੇ ਉਹਨਾਂ ਦੇ ਚਿਹਰੇ 'ਤੇ ਅਕਹਿ ਖ਼ੁਸ਼ੀ ਸੀ।

ਚਾਹ-ਪਾਣੀ ਪਿਆਉਣ ਪਿੱਛੋਂ ਉਸ ਨੌਜਵਾਨ ਨੇ ਉਹਨਾਂ ਨੂੰ ਇੱਕ ਹਜ਼ਾਰ ਰੁਪਈਆ ਭੇਟ ਕਰਨਾ ਚਾਹਿਆ। ਵਿੱਦਿਆਸਾਗਰ ਜੀ ਨੇ ਇਹ ਰੁਪਈਏ ਇਹ ਕਹਿ ਕੇ ਵਾਪਸ ਕਰ ਦਿੱਤੇ,"ਮੇਰੇ ਚੰਗੇ ਪੁੱਤਰ! ਇਹ ਰੁਪਈਏ ਤੂੰ ਆਪਣੇ ਕੋਲ਼ ਰੱਖ। ਜਦੋਂ ਕੋਈ ਲੋੜਵੰਦ ਇਨਸਾਨ ਮਿਲ਼ੇ ਤਾਂ ਉਸ ਦੀ ਸਹਾਇਤਾ ਕਰਨੀ। ਮੈਂ ਬਹੁਤ ਖ਼ੁਸ਼ ਹਾਂ ਕਿ ਤੂੰ ਉਦੋਂ ਮੈਨੂੰ ਜੋ ਵਚਨ ਦਿੱਤਾ ਸੀ, ਉਹ ਨਿਭਾਇਆ ਹੈ। ਇਹ ਦੁਕਾਨ, ਇਹ ਰੁਪਈਏ ਤੇਰੀ ਆਪਣੀ ਮਿਹਨਤ ਦਾ ਮੁੱਲ ਹੈ।"



ਸੱਚ-ਮੁੱਚ ਇਹੋ-ਜਿਹੇ ਨੇਕ-ਦਿਲ, ਸਾਦਾ ਤੇ ਵਿਦਵਾਨ ਇਨਸਾਨਾਂ ਕਰਕੇ ਹੀ ਭਾਰਤ ਦਾ ਨਾਂ ਸਾਰੀ ਦੁਨੀਆ ਵਿੱਚ ਸਦਾ-ਸਦਾ ਲਈ ਰੋਸ਼ਨ ਰਹੇਗਾ।

# ਪਾਠ-ਅਭਿਆਸ

**1. ਪੜ੍ਹੋ ਅਤੇ ਸਮਝੋ :**

| | | |
|---|---|---|
| **ਵਿਦਵਾਨ** | : | ਜਿਸ ਨੇ ਵਿੱਦਿਆ ਪੜ੍ਹੀ ਹੋਵੇ |
| **ਮਖੌਲ** | : | ਮਜ਼ਾਕ, ਹਾਸਾ |
| **ਠਰ੍ਹੰਮਾ** | : | ਧੀਰਜ, ਟਿਕਾਅ |
| **ਮੁਨਾਫ਼ਾ** | : | ਲਾਭ, ਫ਼ਾਇਦਾ ਹੋਣਾ |
| **ਅਗਾਂਹ** | : | ਅੱਗੇ |
| **ਸਤਿਕਾਰ** | : | ਇੱਜ਼ਤ, ਆਦਰ |
| **ਅਕਹਿ** | : | ਜੋ ਕਿਹਾ ਨਾ ਜਾ ਸਕੇ |
| **ਸਹਾਇਤਾ** | : | ਮਦਦ |

**2. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਮੁੰਡੇ ਦੇ ਨੈਣ-ਪ੍ਰਾਣ ਤਾਂ ਸਬੂਤੇ ਸਨ ਪਰ ਸਰੀਰ ਦਾ ਬੜਾ ..................ਸੀ।

(ਅ) ਮੁੰਡੇ ਦੀਆਂ ਅੱਖਾਂ ਵਿੱਚ ......................ਆ ਗਈ।

(ੲ) ਜੇ ਮੈਨੂੰ ਗ਼ਰੀਬ ਨੂੰ ਕੁਝ ਦੇਣਾ ਨਹੀਂ ਤਾਂ ਮੇਰੀ ................. ਦਾ ਮਖੌਲ ਤਾਂ ਨਾ ਉਡਾਓ।

(ਸ) ਵਿੱਦਿਆਸਾਗਰ ਜੀ ਦੇ ਚਿਹਰੇ ’ਤੇ ਅਕਹਿ ......................... ਸੀ।

(ਹ) ਜਦੋਂ ਕੋਈ ਲੋੜਵੰਦ ਇਨਸਾਨ ਮਿਲ਼ੇ ਤਾਂ ਉਸ ਦੀ ......................... ਕਰਨੀ।

*(ਖ਼ੁਸ਼ੀ, ਸਹਾਇਤਾ, ਕਮਜ਼ੋਰ, ਚਮਕ, ਗ਼ਰੀਬੀ)*

**3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਈਸ਼ਵਰ ਚੰਦਰ ਵਿੱਦਿਆਸਾਗਰ ਕੌਣ ਸਨ ?

..........................................................................................

..........................................................................................

..........................................................................................

..........................................................................................

(ਅ) ਈਸ਼ਵਰ ਚੰਦਰ ਵਿੱਦਿਆਸਾਗਰ ਜੀ ਨੇ ਭਿਖਾਰੀ ਮੁੰਡੇ ਨੂੰ ਕਿੰਨੇ ਰੁਪਈਏ ਦੇਣ ਦਾ ਵਾਇਦਾ ਕੀਤਾ ?

.....................................................................................................

.....................................................................................................

.....................................................................................................

.....................................................................................................

(ੲ) ਭਿਖਾਰੀ ਮੁੰਡੇ ਨੇ ਉਸ ਰੁਪਈਏ ਨੂੰ ਕਿੰਵ ਖ਼ਰਚਣ ਬਾਰੇ ਦੱਸਿਆ?

.....................................................................................................

.....................................................................................................

.....................................................................................................

.....................................................................................................

(ਸ) ਦੁਕਾਨ ਅੰਦਰ ਜਾ ਕੇ ਨੌਜਵਾਨ ਨੇ ਵਿੱਦਿਆਸਾਗਰ ਜੀ ਨੂੰ ਕੀ ਕਿਹਾ ?

.....................................................................................................

.....................................................................................................

.....................................................................................................

.....................................................................................................

(ਹ) ਨੌਜਵਾਨ ਨੇ ਵਿੱਦਿਆਸਾਗਰ ਜੀ ਨੂੰ ਕੀ ਦੇਣਾ ਚਾਹਿਆ ?

.....................................................................................................

.....................................................................................................

.....................................................................................................

.....................................................................................................

(ਕ) ਵਿੱਦਿਆਸਾਗਰ ਜੀ ਨੇ ਰੁਪਈਏ ਕੀ ਕਹਿ ਕੇ ਵਾਪਸ ਕਰ ਦਿੱਤੇ?

.....................................................................................................

.....................................................................................................

.....................................................................................................

.....................................................................................................

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

(ੳ) ਮਿਹਨਤ : ..................................................
..................................................

(ਅ) ਮਿਹਰਬਾਨੀ : ..................................................
..................................................

(ੲ) ਲੋੜਵੰਦ : ..................................................
..................................................

(ਸ) ਸਹਾਇਤਾ : ..................................................
..................................................

(ਹ) ਰੋਸ਼ਨ : ..................................................
..................................................

## 5. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?

(ੳ) "ਬਾਬੂ ਜੀ, ਇੱਕ ਪੈਸਾ! ਮੈਂ ਦੋ ਦਿਨਾਂ ਤੋਂ ਕੁਝ ਨਹੀਂ ਖਾਧਾ।"
..................................................
..................................................

(ਅ) "ਜੇ ਭਲਾ ਮੈਂ ਤੈਨੂੰ ਚਾਰ ਆਨੇ ਦੇ ਦਿਆਂ, ਫਿਰ ?"
..................................................
..................................................

(ੲ) "ਮੇਰੇ ਚੰਗੇ ਪੁੱਤਰ! ਇਵੇਂ ਹੀ ਕਰੀਂ, ਜਿਵੇਂ ਤੂੰ ਕਿਹਾ ਹੈ।"
..................................................
..................................................

(ਸ) "ਬਾਬੂ ਜੀ! ਮਿਹਰਬਾਨੀ ਕਰਕੇ ਜ਼ਰਾ ਇੱਕ ਮਿੰਟ ਲਈ ਮੇਰੇ ਨਾਲ਼ ਆਓ।"
..................................................
..................................................

(ਹ) "ਇਹ ਦੁਕਾਨ, ਰੁਪਈਆ, ਤੇਰੀ ਆਪਣੀ ਮਿਹਨਤ ਦਾ ਮੁੱਲ ਹੈ।"
..................................................
..................................................

6. ਵਿਸਰਾਮ-ਚਿੰਨ੍ਹ ਲਾਓ :

ਮੁੰਡਾ ਜ਼ਰਾ ਖਿਝ ਗਿਆ ਕਹਿਣ ਲੱਗਾ ਬਾਬੂ ਜੀ ਕਿਉਂ ਮਖੌਲ ਕਰਦੇ ਓ ਜੇ ਮੈਨੂੰ ਗ਼ਰੀਬ ਨੂੰ ਕੁਝ ਦੇਣਾ ਨਹੀਂ ਤਾਂ ਮੇਰੀ ਗ਼ਰੀਬੀ ਦਾ ਮਖੌਲ ਤਾਂ ਨਾ ਉਡਾਓ

7. ਬੱਚਿਓ ! ਜੇਕਰ ਤੁਹਾਨੂੰ ਇੱਕ ਸੌ ਰੁਪਏ ਦੇ ਦਿੱਤੇ ਜਾਣ ਤਾਂ ਤੁਸੀਂ ਉਹਨਾਂ ਦਾ ਕੀ ਕਰੋਗੇ ? ਲਿਖੋ ਜਾਂ ਦੱਸੋ।

..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................
..........................................................................................................

*****

## ਪਾਠ - 21

# ਪਤੰਗ ਚੜ੍ਹਾਈਏ



ਆਓ ਬੇਲੀਓ, ਪਤੰਗ ਚੜ੍ਹਾਈਏ,
ਰਲ਼-ਮਿਲ਼ ਕੇ ਬਸੰਤ ਮਨਾਈਏ।
ਆਪਾਂ ਮਿਲ਼-ਜੁਲ਼ ਹੱਸਣਾ-ਗਾਉਣਾ,
ਵਿੱਚ ਮੈਦਾਨ ਪਤੰਗ ਚੜ੍ਹਾਉਣਾ।
ਕੱਚੀਆਂ-ਪੱਕੀਆਂ ਡੋਰਾਂ ਖਿੱਚ-ਖਿੱਚ,
ਪੇਚੇ ਖ਼ੂਬ ਲੜਾਈਏ।
ਆਓ ਬੇਲੀਓ, ਪਤੰਗ ਚੜ੍ਹਾਈਏ।

ਹਰੀਆਂ, ਪੀਲ਼ੀਆਂ, ਲਾਲ ਪਤੰਗਾਂ,
ਸਤਰੰਗੀ ਪੀਂਘ ਬਣਾਈ ਰੰਗਾਂ।

ਵਿੱਚ ਅਕਾਸ਼ੀਂ ਪੰਛੀਆਂ ਵਾਂਗੂੰ,
ਆਪਾਂ ਵੀ ਉੱਡ ਜਾਈਏ।
ਆਓ ਬੇਲੀਓ, ਪਤੰਗ ਚੜ੍ਹਾਈਏ।



ਪਤੰਗਾਂ ਦਾ ਤਿਉਹਾਰ ਨਿਰਾਲਾ,
ਨਾ ਗਰਮੀ, ਨਾ ਲੱਗੇ ਪਾਲ਼ਾ।
ਸੁੰਦਰ-ਸੋਹਣੇ ਫੁੱਲਾਂ ਵਾਂਗੂੰ,
ਖਿੜ-ਖਿੜ ਹੱਸੀਏ ਗਾਈਏ।
ਆਓ ਬੇਲੀਓ, ਪਤੰਗ ਚੜ੍ਹਾਈਏ।

ਬਸੰਤ-ਰੁੱਤ ਦੇ ਮੇਲੇ ਲੱਗਦੇ,
ਰੰਗਾਂ ਦੇ ਦਰਿਆ ਨੇ ਵਗਦੇ।
ਟਹਿਕੀਏ ਸਰ੍ਹੋਂ ਦੇ ਫੁੱਲਾਂ ਵਾਂਗੂੰ,
ਮਹਿਕਾਂ ਵੰਡਦੇ ਜਾਈਏ।
ਆਓ ਬੇਲੀਓ, ਪਤੰਗ ਚੜ੍ਹਾਈਏ,
ਰਲ਼-ਮਿਲ਼ ਕੇ ਬਸੰਤ ਮਨਾਈਏ।



## ਪਾਠ-ਅਭਿਆਸ

1. ਕਾਵਿਮਈ ਸਤਰਾਂ ਪੂਰੀਆਂ ਕਰੋ :

........................................................................ ਪਤੰਗਾਂ।
........................................................................

........................................................................ ਰੰਗਾਂ।
........................................................................

## 2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪਤੰਗ ਕਿਸ ਰੁੱਤ ਵਿੱਚ ਚੜ੍ਹਾਏ ਜਾਂਦੇ ਹਨ ?

..........................................................................................................

..........................................................................................................

..........................................................................................................

..........................................................................................................

(ਅ) ਸਤਰੰਗੀ ਪੀਂਘ ਕਿਸ ਤਰ੍ਹਾਂ ਬਣਦੀ ਹੈ ?

..........................................................................................................

..........................................................................................................

..........................................................................................................

..........................................................................................................

(ੲ) ਬੱਚੇ ਅਸਮਾਨ ਵਿੱਚ ਕਿਵੇਂ ਉੱਡਣਾ ਚਾਹੁੰਦੇ ਹਨ ?

..........................................................................................................

..........................................................................................................

..........................................................................................................

..........................................................................................................

(ਸ) ਪਤੰਗਾਂ ਦੇ ਤਿਉਹਾਰ ਸਮੇਂ ਮੌਸਮ ਕਿਹੋ-ਜਿਹਾ ਹੁੰਦਾ ਹੈ ?

..........................................................................................................

..........................................................................................................


..........................................................................................................

..........................................................................................................

3. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

| | |
|---|---|
| ਬਸੰਤ | ਮਿੱਤਰੋ |
| ਬੇਲੀਓ | ਅਸਮਾਨ |
| ਪੇਚੇ | ਵੱਖਰਾ |
| ਸਤਰੰਗੀ | ਖਿੜੀਏ |
| ਅੰਬਰ | ਖ਼ੁਸ਼ਬੋਆਂ |
| ਨਿਰਾਲਾ | ਸੱਤ ਰੰਗਾਂ ਦੀ |
| ਟਹਿਕੀਏ | ਪਤੰਗਾਂ ਦਾ ਭਿੜਨਾ |
| ਮਹਿਕਾਂ | ਬਹਾਰ |

4. ਰਚਨਾਤਮਿਕ ਕਿਰਿਆ :



5. ਪਰੀਖਿਆ ਦੇ ਦਿਨਾਂ ਵਿੱਚ ਪਿੰਡ ਦੇ ਧਾਰਮਿਕ ਸਥਾਨ 'ਤੇ ਚੱਲਣ ਵਾਲ਼ੇ ਲਾਊਡਸਪੀਕਰ ਦੀ ਅਵਾਜ਼ ਘੱਟ ਕਰਵਾਉਣ ਲਈ ਆਪਣੇ ਪਿੰਡ ਦੇ ਸਰਪੰਚ ਨੂੰ ਬੇਨਤੀ-ਪੱਤਰ ਲਿਖੋ।

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................

..........................................